*ਸਵੈ-ਕਥਨ ਗੁਰਸ਼ਰਨ ਸਿੰਘ*

# *ਮੇਰੀ ਨਾਟ ਸੰਵੇਦਨਾ ਦੇ ਬੀਜ*

ਮੇਰਾ ਜਨਮ 16 ਸਤੰਬਰ, 1929 ਦਾ ਹੈ।

ਇਹ, ਸਕੂਲ ਵਿਚ ਦਾਖਲ ਹੋਣ ਸਮੇਂ, ਜਿਵੇਂ ਅੱਜ ਵੀ ਆਮ ਪਰਿਵਾਰਾਂ ਵਿਚ ਅਕਸਰ ਹੋ ਜਾਂਦਾ ਹੈ, ਅੰਦਾਜ਼ਨ ਲਿਖਵਾਈ ਗਈ ਤਰੀਕ ਨਹੀਂ ਹੈ। ਇਹ ਬਾਕਾਇਦਾ ਨੋਟ ਕੀਤੀ ਤਾਰੀਕ ਹੈ, ਕਿਉਂਕਿ ਸਾਡਾ ਪਰਿਵਾਰ ਆਮ ਨਹੀਂ ਸੀ, ਸਗੋਂ ਖ਼ਾਸ ਸੀ। ਇਹ ਦੱਸਣ ਲਈ ਢੇਰ ਸਾਰੀਆਂ ਯਾਦਾਂ ਦਾ ਖ਼ਜ਼ਾਨਾ ਹੈ, ਪਰ ਮੈਂ ਇਹ ਗੱਲ ਇਕ ਤਸਵੀਰ ਦੇ ਹਵਾਲੇ ਨਾਲ ਸ਼ੁਰੂ ਕਰਦਾ ਹਾਂ, ਜਿਸ ਤੋਂ ਪਰਿਵਾਰ ਦੀ ਸਮਾਜ ਅੰਦਰ ਹੋਂਦ ਤੇ ਹੈਸੀਅਤ ਦਾ ਸਹੀ-ਸਹੀ ਅੰਦਾਜ਼ਾ ਹੋ ਜਾਵੇਗਾ। ਇਹ ਤਸਵੀਰ 1935-36 ਦੀ ਹੈ, ਜਦੋਂ ਮੈਂ 6-7 ਸਾਲਾਂ ਦਾ ਬਾਲ ਸਾਂ। ਇਹ ਬਾਕਾਇਦਾ ਇਕ ਫੋਟੋ ਸਟੂਡੀਓ ਵਿਚ ਜਾ ਕੇ ਖਿਚਵਾਈ ਗਈ ਸੀ। ਇਸ ਵਿਚ ਮਾਂ-ਬਾਪ ਦੇ ਨਾਲ ਸਾਰੇ ਦੇ ਸਾਰੇ ਭੈਣ-ਭਾਈ ਸ਼ਾਮਲ ਹਾਂ। ਇਸ ਸਮੇਂ ਤੱਕ ਸ. ਗੁਰਬਖ਼ਸ਼ ਸਿੰਘ ਦਾ ਪਰਚਾ 'ਪ੍ਰੀਤਲੜੀ' ਆ ਚੁੱਕਾ ਸੀ ਤੇ ਮੈਨੂੰ ਨਹੀਂ ਪਤਾ ਕਿ ਉਸ ਸਮੇਂ ਤੱਕ ਦੇ ਅੰਕਾਂ ਵਿਚ ਸੱਜਣ-ਫੱਬਣ ਬ਼ਾਬਤ ਲੇਖ ਸ਼ੁਰੂ ਹੋਏ ਸਨ ਕਿ ਨਹੀਂ, ਪਰ ਇਸ ਤਸਵੀਰ ਵਿਚ ਇਸੇ ਤਰ੍ਹਾਂ ਦਾ ਪਰਿਵਾਰ ਨਜ਼ਰ ਆ ਰਿਹਾ ਹੈ। ਇਹ ਖਾਂਦੇ-ਪੀਂਦੇ ਸਿੱਖ ਪਰਿਵਾਰ ਦੀ ਤਸਵੀਰ ਹੈ, ਜਿਸ ਵਿਚ ਮੇਰੇ ਵਰਗਾ ਛੋਟਾ ਜਿਹਾ ਬਾਲ ਵੀ ਨੰਗੇ ਸਿਰ ਨਹੀਂ ਹੈ, ਹਾਲਾਂਕਿ ਮੇਰੀ ਨਿੱਕੀ ਜਿੰਨੀ ਪੱਗ ਮੇਰੀ ਆਪਣੀ ਬੰਨ੍ਹੀ ਹੋਈ ਨਹੀਂ ਹੈ। ਮੈਂ ਭਰੋਸੇ ਨਾਲ ਤਾਂ ਨਹੀਂ ਆਖ ਸਕਦਾ, ਤਾਂ ਵੀ ਸੱਚ ਇਹੀ ਹੋਵੇਗਾ ਕਿ ਉਹ ਮੇਰੇ ਵੱਡੇ ਭਰਾ ਸ. ਅਵਤਾਰ ਸਿੰਘ ਨੇ ਬੰਨ੍ਹੀ ਹੋਵੇਗੀ। ਸਾਡੇ ਸਾਰੇ ਭਰਾਵਾਂ ਵਿਚ ਪੱਗ ਬੰਨ੍ਹਣ ਦੀ ਮੁਹਾਰਤ ਓਸੇ ਨੂੰ ਸੀ, ਜੋ ਪਿੱਛੋਂ ਵੀ ਮੇਰੇ ਕੰਮ ਆਈ ਹੈ, ਜਿਨ੍ਹਾਂ ਦਿਨਾਂ ਬਾਰੇ ਭਰੋਸੇ ਨਾਲ ਦੱਸ ਸਕਦਾ ਹਾਂ।

ਇਹ ਸ਼ਾਹਾਨਾ ਕਿਸਮ ਦੇ ਸਿੱਖ ਪਰਿਵਾਰ ਦੀ ਤਸਵੀਰ ਹੈ, ਜਿਸ ਵਿਚੋਂ ਦੇਸ਼ ਭਗਤੀ ਦੀ ਤਲਾਸ਼ ਨਹੀਂ ਹੋ ਸਕਦੀ। ਉਸ ਸਮੇਂ ਸ਼ਾਹਾਨਾ ਸਿੱਖ ਸਮਾਜ ਆਮ ਤੌਰ 'ਤੇ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦਾ ਵਖਿਆਨ ਕਰਦਾ ਸੀ ਤੇ ਉਸੇ ਤਰ੍ਹਾਂ ਦੀ ਜੀਵਨ-ਜਾਚ ਵਿਚ ਢਲਣ ਦਾ ਕਾਇਲ ਸੀ। ਇਸ ਤਸਵੀਰ ਵਿਚੋਂ ਵੀ ਅੰਗਰੇਜ਼ਾਂ ਦੇ ਆਧੁਨਿਕ ਜੀਵਨ ਦਾ ਅਸਰ ਉੱਭਰਦਾ ਹੈ। ਇੱਥੇ ਸਾਰਾ ਪਰਿਵਾਰ ਸਿੱਖ ਸਰੂਪ ਵਿਚ ਹੈ ਤੇ ਇਹਦੇ ਨਾਲ ਹੀ ਆਧੁਨਿਕਤਾ ਦੇ ਰੰਗ ਵਿਚ ਵੀ ਹੈ। ਮੇਰੀ ਭੈਣ, ਜੋ ਮੇਰੇ ਤੋਂ ਥੋੜ੍ਹੀ ਵੱਡੀ ਹੈ, ਅਜੋਕੇ ਕਾਨਵੈਂਟ ਸਕੂਲ ਵਰਗੀ ਵਰਦੀ ਪਾਈ ਨਜ਼ਰ ਆ ਰਹੀ ਹੈ। ਮੇਰੇ ਦਾਦਾ ਸ. ਨਾਰਾਇਣ ਸਿੰਘ ਹੀ ਨਹੀਂ, ਸਗੋਂ ਪਿਤਾ ਡਾ. ਗਿਆਨ ਸਿੰਘ ਵੀ ਅੰਗਰੇਜ਼ ਨੂੰ ਸੱਭਿਅਕ ਕੌਮ ਮੰਨਦੇ ਸਨ ਤੇ ਤਿੰਨੋਂ ਵੱਡੇ ਭਰਾ ਵੀ ਇਸੇ ਤਰਜ਼ ਉੱਤੇ 'ਸੱਭਿਅਕ ਮਨੁੱਖ' ਬਣਨਾ ਲੋਚਦੇ ਸਨ। ਸਾਡੇ ਘਰ ਵਿਚ ਡਾਈਨਿੰਗ ਟੇਬਲ ਉੱਤੇ ਬੈਠ ਕੇ ਛੁਰੀ-ਕਾਂਟੇ ਨਾਲ ਖਾਣ ਦਾ ਰੁਝਾਨ ਮੇਰੇ

ਜਨਮ ਤੋਂ ਪਹਿਲਾਂ ਦਾ ਹੈ ਤੇ ਬਰੇਕ ਫਾਸਟ ਵਿਚ 'ਕਾਰਨ ਫਲੇਕਸ ਕਲਚਰ' ਵੀ ਪੁਰਾਣਾ ਹੈ। ਪਰਾਂਠਾ ਕਲਚਰ ਤਾਂ ਸਾਡੇ ਘਰ ਵਿਚ ਹੁਣ ਵੀ ਨਹੀਂ ਹੈ। ਇਹ ਅੰਗਰੇਜ਼ਾਂ ਦੇ ਬਖ਼ਸ਼ੇ 'ਮੈਨਰਜ਼' ਹੀ ਤਾਂ ਹਨ। ਮੈਂ ਘਰ ਤੋਂ ਬਾਹਰ, ਆਪਣੀ ਲਹਿਰ ਦੇ ਲੋਕਾਂ ਨਾਲ ਹੋਵਾਂ ਤਾਂ ਕੁਝ ਵੀ ਖਾ ਲੈਂਦਾ ਹਾਂ, ਪਰ ਘਰ ਵਿਚ ਬਟਰ-ਟੋਸਟ ਟਾਈਪ ਬਰੇਕ ਫਾਸਟ ਹੀ ਚੱਲਦਾ ਹੈ। ਇਸੇ ਲਈ ਮੇਰੀ ਦੋਹਤੀ ਮੈਨੂੰ 'ਕੱਪੜਿਆਂ ਵੱਲੋਂ ਗ਼ਰੀਬਾਂ ਦਾ ਬੰਦਾ, ਪਰ ਖਾਣ-ਪੀਣ ਵੱਲੋਂ ਰਈਸ' ਆਖਦੀ ਹੈ, ਉਸ ਦੀ ਮਾਂ, ਮੇਰੀ ਛੋਟੀ ਬੇਟੀ ਡਾ. ਅਰੀਤ ਕੌਰ ਸ਼ਾਦੀ ਤੋਂ ਬਾਅਦ ਸਹੁਰੇ ਘਰ ਜਾਂਦੀ ਹੈ ਤਾਂ ਉਸ ਦੇ ਸਾਹਮਣੇ ਸਵਾਲ ਖੜ੍ਹਾ ਹੈ— 'ਇਹ ਸਵੇਰ-ਸਾਰ ਪਰਾਂਉਠੇ ਖਾਣ ਦਾ ਕੀ ਮਤਲਬ ਹੈ? ਇਹਦੇ ਜਵਾਬ ਵਿਚ ਸਹੁਰੇ ਪਰਿਵਾਰ ਦਾ ਸਵਾਲ ਹੈ— 'ਹੋਰ ਬਰੇਕ ਫਾਸਟ ਵਿਚ ਕੀ ਖਾਣਾ ਹੁੰਦਾ ਹੈ...?' ਇਸ ਤਰ੍ਹਾਂ ਸਾਡੇ ਪਰਿਵਾਰ ਵਿਚ ਕਈ ਚੀਜ਼ਾਂ ਲਾਗਤਾਰ ਚਲੀਆਂ ਆ ਰਹੀਆਂ ਹਨ।

ਇਸ ਕਿਸਮ ਦੇ ਆਧੁਨਿਕ ਸਰੋਕਾਰਾਂ ਵਾਲੇ ਪਰਿਵਾਰ ਵਿਚ ਸਿੱਖੀ ਸੰਕਲਪ ਸੰਕੀਰਨ ਨਹੀਂ ਸਨ, ਸਗੋਂ ਪ੍ਰਗਤੀਸ਼ੀਲਤਾ ਵਾਲੇ ਸਨ। ਸਾਡੇ ਪਰਿਵਾਰ ਉੱਤੇ ਅੰਗਰੇਜ਼ੀ ਸਦਕਾ ਆ ਰਹੇ ਸਾਹਿਤ ਤੇ ਅੰਗਰੇਜ਼ੀ ਫਿਲਮਾਂ ਦਾ ਖਾਸਾ ਅਸਰ ਸੀ। ਇਸ ਦੀ ਬਦੌਲਤ ਹੀ ਸਾਡੇ ਅੰਦਰ ਸਮਾਜ ਨਾਲ ਜੁੜਨ ਦੀ ਚਾਹਤ ਵੀ ਸੀ। ਹਰ ਕੋਈ ਆਪੋ-ਆਪਣੇ ਢੰਗ ਨਾਲ ਸਮਾਜ-ਸੇਵਾ ਦਾ ਰਸਤਾ ਅਖ਼ਤਿਆਰ ਕਰ ਰਿਹਾ ਸੀ। ਦਾਦਾ ਜੀ ਖ਼ਾਲਸਾ ਕਾਲਜ ਸਕੂਲ ਵਿਚ ਵਿਦਿਅਕ ਖੇਤਰ ਵਿਚ ਸੇਵਾ ਨਿਭਾ ਰਹੇ ਸਨ ਤਾਂ ਪਿਤਾ ਜੀ ਮੈਡੀਕਲ ਸੇਵਾਵਾਂ ਦੀ ਬਿਹਤਰ ਵਰਤੋਂ ਵਿਚ ਲੀਨ ਸਨ। ਮੇਰੇ ਤਿੰਨੋਂ ਵੱਡੇ ਭਰਾ ਵੀ ਇਸੇ ਪਰੰਪਰਾ ਦੇ ਬੰਦੇ ਸਨ। ਸ. ਅਵਤਾਰ ਸਿੰਘ ਨੇ ਸੈਨਾ ਦੀ ਚੋਣ ਕਰ ਲਈ ਤੇ ਸੁਤੰਤਰਤਾ ਬਾਅਦ ਕਰਨਲ ਵਜੋਂ ਸੇਵਾਮੁਕਤ ਹੋਏ ਸਨ। ਇਹ ਪ੍ਰਗਤੀਸ਼ੀਲਤਾ ਅੰਗਰੇਜ਼ੀ ਹਕੂਮਤ ਦੀ ਖਿਲਾਫ਼ਤ ਵਾਲੀ ਨਹੀਂ ਸੀ। ਉਸ ਤਰ੍ਹਾਂ ਦੇ ਪ੍ਰਗਤੀਵਾਦੀ ਵਿਚਾਰ ਤਾਂ ਮੇਰੇ ਵੱਡੇ ਭਰਾ ਡਾ. ਇੰਦਰਜੀਤ ਸਿੰਘ ਸਦਕਾ ਪਰਿਵਾਰ ਅੰਦਰ ਪ੍ਰਵੇਸ਼ ਕਰਦੇ ਹਨ। ਉਨ੍ਹਾਂ ਦੇ ਨਵੇਂ ਵਿਚਾਰਾਂ ਦਾ ਵਿਰੋਧ ਤਾਂ ਨਹੀਂ ਹੁੰਦਾ, ਪਰ ਮੇਰੇ ਤੋਂ ਸਿਵਾ ਕੋਈ ਹੋਰ ਭਰਾ ਉਨ੍ਹਾਂ ਨੂੰ ਸਵੀਕਾਰ ਵੀ ਨਹੀਂ ਕਰਦਾ। ਸਾਡੇ ਵਰਗੇ ਪਰਿਵਾਰ ਵਿਚ ਇਹ ਕੋਈ ਸੌਖੀ ਗੱਲ ਵੀ ਨਹੀਂ ਸੀ। ਅੰਗਰੇਜ਼ ਤਾਂ ਉਸ ਸਮੇਂ ਸਾਡੇ ਵਰਗੇ ਲੋਕਾਂ ਲਈ 'ਮਾਈ-ਬਾਪ' ਸਨ। ਉਹ ਬਸਤੀਵਾਦੀ ਹੁਕਮਰਾਨ ਹਨ, ਗ਼ੁਲਾਮ ਦੇਸ਼ ਦੀ ਦੌਲਤ ਲੁੱਟ ਕੇ ਬਰਤਾਨੀਆ ਲਿਜਾ ਰਹੇ ਅਤੇ ਭਾਰਤੀ ਲੋਕਾਂ ਨੂੰ ਆਪੋ-ਵਿਚੀਂ ਲੜਾ ਵੀ ਰਹੇ ਹਨ—ਇਸ ਤਰ੍ਹਾਂ ਦੀ ਸੋਚ ਸਾਡੇ ਪਰਿਵਾਰ ਵਿਚ ਅਸਲੋਂ ਨਹੀਂ ਸੀ। ਇੱਥੇ ਇਕੋ ਚੇਤਨਾ ਸੀ ਕਿ ਅਸਾਂ ਪੜ੍ਹ-ਲਿਖ ਕੇ ਅੰਗਰੇਜ਼ਾਂ ਵਰਗੇ ਸੱਭਿਅਕ ਮਨੁੱਖ ਬਣਨਾ ਹੈ। ਪੜ੍ਹਾਈ-ਲਿਖਾਈ ਅੰਗਰੇਜ਼ਾਂ ਵਰਗੇ ਸਰਵੋਤਮ ਸ਼ਹਿਰੀ ਬਣਨ ਦਾ ਜ਼ਰੀਆ ਸੀ। ਹਿੰਦੂ-ਸਿੱਖ ਸਮਾਜ ਅੰਦਰ ਆਰੀਆ ਸਮਾਜ ਤੋਂ ਬਾਅਦ ਸਿੰਘ ਸਭਾ ਲਹਿਰ ਆ ਗਈ ਸੀ। ਚੀਫ ਖਾਲਸਾ ਦੀਵਾਨ ਵੀ ਬਣ ਗਿਆ ਸੀ। ਮੇਰੇ ਦਾਦਾ ਜੀ ਇਸ ਦੇ ਮੋਹਰੀਆਂ ਵਿਚ ਸਨ। ਇਹ ਲਹਿਰਾਂ ਹੀ ਸਨ, ਜਿਨ੍ਹਾਂ ਅੰਗਰੇਜ਼ ਲਈ 'ਮਾਈ-ਬਾਪ' ਸ਼ਬਦ ਪ੍ਰਚੱਲਿਤ ਕੀਤਾ ਸੀ। ਪੰਜਾਬੀ ਮੁਸਲਮਾਨਾਂ ਅੰਦਰ ਇਸ ਤਰ੍ਹਾਂ ਦੀ ਕੋਈ ਖ਼ਾਸ ਲਹਿਰ ਨਹੀਂ ਸੀ, ਪਰ ਉਸ ਵੇਲੇ ਮੁਸਲਿਮ ਅਮੀਰਜ਼ਾਦੇ ਵੀ ਮਾਈ-ਬਾਪ ਵਾਲੇ ਖ਼ਿਆਲਾਤ ਨਾਲ ਇਤਫ਼ਾਕ ਰੱਖਦੇ ਸਨ।

ਇਸ ਤਰ੍ਹਾਂ ਦੇ ਪਰਿਵਾਰ ਵਿਚ ਮੇਰਾ ਬਚਪਨ ਮੁਲਤਾਨ ਸ਼ਹਿਰ ਅੰਦਰ ਬੀਤਦਾ ਹੈ।

ਉਨ੍ਹੀਂ ਦਿਨੀਂ ਮੁਲਤਾਨ ਵਿਚ ਇਕ ਹੀ ਸਕੂਲ ਸੀ, ਜਿੱਥੇ ਗੁਰਮੁਖੀ ਦੀ ਪੜ੍ਹਾਈ ਦਾ ਪ੍ਰਬੰਧ ਸੀ। ਇਹ ਸਕੂਲ ਮਿਊਂਸਪੈਲਟੀ ਦੇ ਅਧੀਨ ਸੀ ਤੇ ਸ਼ਹਿਰ ਦੇ ਐਨ ਵਿਚਕਾਰ, ਕੁੱਪ ਬਾਜ਼ਾਰ ਵਿਚ ਲੱਗਦਾ ਸੀ। ਸਕੂਲ ਦੇ ਦੋ-ਤਿੰਨ ਕਮਰਿਆਂ ਦੀ ਛੱਤ ਉੱਤੇ ਪਾਪੜ-ਵੜੀਆਂ ਸੁੱਕਦੀਆਂ ਸਨ ਤੇ ਹੇਠਾਂ ਕਲਾਸਾਂ ਲੱਗਦੀਆਂ ਸਨ। ਹੁਣ ਵਰਗੇ ਹਾਲਾਤ ਤਾਂ ਹੁੰਦੇ ਨਹੀਂ ਸਨ ਕਿ ਹਰ ਆਦਮੀ ਵਿੱਦਿਆ ਪ੍ਰਤੀ ਘੱਟ ਜਾਂ ਵੱਧ ਚੇਤਨ ਹੋਵੇ। ਅਸੀਂ ਬਸ 10-12 ਵਿਦਿਆਰਥੀ ਹੁੰਦੇ ਸਾਂ। ਇਹ ਗੱਲਾਂ ਜ਼ਰੂਰ ਕਦੇ-ਕਦਾਈਂ ਸੁਣਨ ਨੂੰ ਮਿਲਦੀਆਂ ਸਨ, "ਇਹ ਡਾ. ਗਿਆਨ ਸਿੰਘ ਨੂੰ ਪਤਾ ਨੀ ਕੀ ਸੁੱਝੀ ਐ, ਜੋ ਗੁਰਸ਼ਰਨ ਨੂੰ ਐਹੇ ਜੇ ਸਕੂਲੇ ਪੜ੍ਹਨੇ ਪਾ ਛੱਡਿਆ ਏ...?"

ਇਹ ਸਵਾਲ ਉੱਠਣਾ ਸੁਭਾਵਿਕ ਸੀ, ਕਿਉਂਕਿ ਮੈਂ ਘਰ ਦਾ ਪਹਿਲਾ ਬੱਚਾ ਸਾਂ, ਜਿਸ ਨੂੰ ਗੁਰਮੁਖੀ ਪੜ੍ਹਨ ਖ਼ਾਤਿਰ ਇਸ ਸਕੂਲ ਵਿਚ ਭੇਜਿਆ ਗਿਆ ਸੀ। ਉਹ ਸ਼ਹਿਰ ਦੇ ਚੰਗੇ ਮੰਨੇ ਜਾਂਦੇ ਸਕੂਲ, ਜਿਨ੍ਹਾਂ ਵਿਚ ਗੁਰਮੁਖੀ ਨਹੀਂ ਸੀ, ਸਿਵਲ ਲਾਈਨਜ਼ ਖੇਤਰ ਵਿਚ ਸਨ। ਇਨ੍ਹਾਂ ਵਿਚ ਡੀ.ਏ.ਵੀ. ਸਕੂਲ, ਸਨਾਤਨ ਧਰਮ ਸਕੂਲ ਤੇ ਇਸਲਾਮੀਆ ਸਕੂਲ ਸ਼ਾਮਲ ਸਨ। ਪਹਿਲੇ ਦੋ ਵਿਚੋਂ ਕਿਸੇ ਇਕ ਵਿਚ ਮੇਰੇ ਵੱਡੇ ਭਰਾ ਪੜ੍ਹ ਰਹੇ ਸਨ। ਇਸਲਾਮੀਆ ਸਕੂਲ ਵਿਚ ਪੜ੍ਹਨ ਦੀ ਗੱਲ ਸੋਚੀ ਵੀ ਨਹੀਂ ਸੀ ਜਾ ਸਕਦੀ। ਉਸ ਸਮੇਂ ਆਮ ਤੌਰ 'ਤੇ ਹਿੰਦੂ-ਮੁਸਲਮਾਨ ਪਛਾਣ ਹੀ ਨਜ਼ਰ ਆਉਂਦੀ ਸੀ ਅਤੇ ਬਾਲਾਂ ਲਈ ਸਕੂਲ ਵੀ ਇਸੇ ਨਜ਼ਰੀਏ ਨਾਲ ਚੁਣੇ ਜਾਂਦੇ ਸਨ। ਹਿੰਦੂ ਤੇ ਸਿੱਖ ਪਛਾਣ ਵੀ ਵੱਖੋ-ਵੱਖ ਹੋਣ ਦੇ ਰਸਤੇ ਹੋ ਤੁਰੀ ਸੀ, ਜਿਸ ਨੇ ਆਰੀਆ ਸਮਾਜ ਤੇ ਸਿੰਘ ਸਭਾ ਦੀ ਸ਼ਕਲ ਵਿਚ ਲਹਿਰਾਂ ਵੀ ਬਣਾ ਲਈਆਂ ਸਨ। ਸਾਡੇ ਪਰਿਵਾਰ ਉੱਤੇ ਸਿੰਘ ਸਭਾਈ ਸਿੱਖੀ ਦੀ ਸੰਕੀਰਨਤਾ ਦਾ ਅਸਰ ਨਹੀਂ ਸੀ। ਫਿਰ ਵੀ ਇਹ ਮੁਸਲਿਮ ਪਛਾਣ ਦੇ ਸਾਹਮਣੇ ਹਿੰਦੂ-ਸਿੱਖ ਭਾਈਚਾਰੇ ਦੀ ਰਵਾਇਤੀ ਸੋਚ ਦੇ ਕਾਫੀ ਕਰੀਬ ਸੀ। ਮੁਸਲਮਾਨ ਮੁਆਸ਼ਰੇ ਨਾਲ ਰਵਾਇਤੀ ਜਿਹਾ ਸਬੰਧ ਸੀ, ਟਕਰਾਅ ਨਹੀਂ ਸੀ, ਪਰ ਹਿੰਦੂ-ਸਿੱਖ ਵਰਗੀ ਸਾਂਝ ਵੀ ਨਹੀਂ ਸੀ। ਉਸ ਸਮੇਂ ਹਰ ਕਿਸੇ ਕੋਲ ਧਾਰਮਕ ਪਛਾਣ ਸੀ। ਪੰਜਾਬੀ ਕੌਮੀਅਤ ਦੀ ਪਛਾਣ ਵਰਗੀ ਕੋਈ ਗੱਲ ਨਹੀਂ ਸੀ। ਇਸ ਲਈ ਤਾਂ ਅਮਨ-ਅਮਾਨ ਨਾਲ ਰਹਿ ਰਹੇ ਲੋਕੀ ਜ਼ਰਾ ਕੁ ਜਿੰਨੀ ਚੁੰਝਕੜੀ ਛਿੜਦੇ ਹੀ ਭੜਕ ਉੱਠਦੇ ਸਨ ਤੇ ਦੰਗੇ ਹੋ ਜਾਂਦੇ ਸਨ। ਉਸ ਸਮੇਂ ਹਿੰਦੂ-ਸਿੱਖ ਅਤੇ ਮੁਸਲਮਾਨ ਫ਼ਸਾਦਾਂ ਲਈ 'ਬਲਵਾ' ਸ਼ਬਦ ਵਰਤਿਆ ਜਾਂਦਾ ਸੀ। ਇਹ ਅਕਸਰ "ਤਾਜੀਆ" ਨਿਕਲਣ ਸਮੇਂ ਹੋਈ ਨਿੱਕੀ-ਮੋਟੀ ਸ਼ਰਾਰਤ ਨਾਲ ਹੀ ਹੋ ਜਾਂਦਾ ਸੀ। ਸਕੂਲ ਬੰਦ ਹੋ ਜਾਂਦੇ ਸਨ, ਬਾਲਾਂ ਨੂੰ ਘਰਾਂ ਵਿਚ ਬੰਦ ਕਰ ਦਿੱਤਾ ਜਾਂਦਾ ਸੀ ਤੇ 'ਬਲਵਾ' ਉਨ੍ਹਾਂ ਦੇ ਮਨਾਂ ਅੰਦਰ ਅਟਕ ਜਾਂਦਾ ਸੀ। ਮੇਰੇ ਚੇਤੇ ਵਿਚ ਇਹ ਸ਼ਬਦ ਇਸੇ ਤਰ੍ਹਾਂ ਟਿਕ ਗਿਆ ਹੈ। 'ਕਰਾੜ' ਤੇ 'ਮੁਸਲਾ' ਸ਼ਬਦ ਵੀ ਮੇਰੇ ਜ਼ਿਹਨ ਅੰਦਰ ਓਸੇ ਸਮੇਂ ਤੋਂ ਚਲੇ ਆ ਰਹੇ ਹਨ।

ਜਦੋਂ ਮੁਲਤਾਨ ਸ਼ਹਿਰ ਵਿਚ ਬਲਵਾ ਹੁੰਦਾ ਸੀ, ਓਦੋਂ ਹਿੰਦੂ-ਮੁਸਲਮਾਨ ਤਬਕੇ ਦੇ ਗੁੰਡਾ ਅਨਸਰ ਦਾ ਰਾਜ ਹੋ ਜਾਂਦਾ ਸੀ। ਸਿੱਖ ਹੋਣਾ ਉਸ ਖੇਤਰ ਵਿਚ ਬਹੁਤਾ ਮਾਅਨੇ ਨਹੀਂ ਸੀ ਰੱਖਦਾ। ਇਕ ਤਾਂ ਇਨ੍ਹਾਂ ਦੀ ਆਬਾਦੀ ਬਹੁਤ ਘੱਟ ਸੀ ਤੇ ਦੂਜਾ, ਇਹ ਜ਼ਿਆਦਾਤਰ ਮਿਲਟਰੀ ਲਈ ਲੋੜੀਂਦੀ ਸਮੱਗਰੀ ਦੀ ਠੇਕੇਦਾਰੀ ਕਰਨ ਵਾਲੇ ਵਪਾਰਕ ਵਰਗ ਦੇ ਬੰਦੇ ਸਨ। ਇਨ੍ਹਾਂ ਦਾ ਹਿੰਦੂ ਤੇ ਮੁਸਲਮਾਨ ਭਾਈਚਾਰੇ ਨਾਲ ਸਬੰਧ ਵੀ ਅਨਾਜ ਵਗੈਰਾ ਦੀ

ਖ਼ਰੀਦੋ-ਫਰੋਖ਼ਤ ਕਰਨ ਵਾਲੇ ਵਪਾਰਕ ਤਬਕੇ ਜਾਂ ਸਪਲਾਈ ਲਈ ਕਾਮੇ ਲੈਣ ਤੱਕ ਸੀ। ਇਨ੍ਹਾਂ ਲਈ ਬਲਵੇ ਸਮੇਂ ਚੌਕਸੀ ਵੀ ਹਿੰਦੂ-ਸਿੱਖ ਨੂੰ ਇੱਕੋ ਮੰਨੇ ਜਾਣ ਦੀ ਸੱਚਾਈ ਕਰਕੇ ਸੀ। ਆਮ ਹਾਲਾਤ ਵਿਚ ਮੁਸਲਮਾਨ ਭਾਈਚਾਰੇ ਨਾਲ ਵੀ ਸੁਖਾਵੇਂ ਸਬੰਧ ਬਣੇ ਰਹਿੰਦੇ ਸਨ। ਹਾਂ, ਇਕ-ਦੂਜੇ ਦੇ ਘਰ ਦਾ ਖਾਣਾ ਖਾ ਸਕਣਾ ਸੰਭਵ ਨਹੀਂ ਸੀ। ਉਸ ਸਮੇਂ ਝਟਕਾ ਤੇ ਹਲਾਲ ਭਾਰੀ ਕੁਰਹਿਤ ਸਨ। ਇਹ 'ਹਿੰਦੂ ਪਾਣੀ-ਮੁਸਲਿਮ ਪਾਣੀ' ਦਾ ਜ਼ਮਾਨਾ ਸੀ। ਹਰ ਅਹਿਮ ਜਗ੍ਹਾ, ਖ਼ਾਸ ਕਰਕੇ ਸਟੇਸ਼ਨਾਂ ਉੱਤੇ ਵੱਖ-ਵੱਖ ਪਾਣੀ ਦੇ ਮਟਕੇ ਹੁੰਦੇ ਸਨ। ਕਿਸੇ ਹਿੰਦੂ-ਸਿੱਖ ਨੂੰ ਕਿੰਨੀ ਵੀ ਪਿਆਸ ਲੱਗੀ ਹੋਵੇ, ਜਾਨ ਨਿਕਲਣ ਉੱਤੇ ਵੀ ਕਿਉਂ ਨਾ ਆਈ ਹੋਵੇ, ਉਹ 'ਮੁਸਲਿਮ ਪਾਣੀ' ਨਹੀਂ ਸੀ ਪੀ ਸਕਦਾ। ਇਹੀ ਹਾਲ 'ਹਿੰਦੂ ਪਾਣੀ' ਲਈ ਮੁਸਲਮਾਨਾਂ ਦਾ ਸੀ। ਇਕ ਵਜ੍ਹਾ ਤਾਂ ਸਮਾਜ ਦਾ ਪਛੜੇਵਾਂ ਸੀ, ਜੋ ਹਿੰਮਤ ਹੀ ਨਹੀਂ ਸੀ ਕਰਨ ਦਿੰਦਾ ਤੇ ਦੂਜੀ ਇਸ ਤੋਂ ਵੀ ਵੱਧ ਖ਼ਤਰਨਾਕ ਸੱਚਾਈ ਇਹ ਸੀ ਕਿ ਪਾਣੀ ਦੇ 'ਭਿੱਟੇ ਜਾਣ' ਕਾਰਨ ਬਲਵੇ ਹੋ ਜਾਂਦੇ ਸਨ, ਪਾਣੀ ਲਈ ਖ਼ੂਨ ਦੀਆਂ ਨਦੀਆਂ ਵਹਿ ਜਾਂਦੀਆਂ ਸਨ।

### *ਪੰਜਾਬੀ ਦੀ ਪੜ੍ਹਾਈ*

ਮੇਰੇ ਪਿਤਾ ਜੀ ਨੇ 1936 ਤੱਕ 'ਪ੍ਰੀਤਲੜੀ' ਦਾ ਚੰਦਾ ਭਰ ਦਿੱਤਾ ਸੀ ਤੇ ਹਰ ਪੰਜਾਬੀ ਅਖ਼ਬਾਰ ਜਾਂ ਪਰਚਾ, ਜੋ ਵੀ ਗੁਰਮੁਖੀ ਵਿਚ ਪ੍ਰਕਾਸ਼ਿਤ ਹੁੰਦਾ ਸੀ, ਘਰ ਆ ਰਿਹਾ ਸੀ। ਉਸ ਸਮੇਂ ਗੁਰਮੁਖੀ ਪੜ੍ਹਨ ਦਾ ਅਰਥ ਸਿੱਖ ਪਛਾਣ ਨਾਲ ਨਾਤਾਬੱਧ ਹੋਣਾ ਸੀ ਤੇ ਮੇਰੇ ਪਿਤਾ ਜੀ ਇਸ ਪੱਖ ਤੋਂ ਬਹੁਤ ਸੁਚੇਤ ਸਨ। ਇਹ ਖਾਂਦੇ-ਪੀਂਦੇ ਵਰਗ ਦੀ ਸਿੱਖ ਚੇਤਨਾ ਸੀ, ਜਿਸ ਨੂੰ ਗੁਰਮੁਖੀ ਦਾ ਮੋਹ ਸੀ। ਇਸ ਦੇ ਅਸਲ ਕਾਰਨ ਤਾਂ ਧਾਰਮਕ ਸਨ? ਤਾਂ ਵੀ ਇਹ ਗ਼ਲਤ ਨਹੀਂ ਸੀ। ਉਸ ਸਮੇਂ ਇਨ੍ਹਾਂ ਵਰਗਾਂ ਦੀ ਮਾਤਾ-ਭਾਸ਼ਾ ਲਈ ਚਿੰਤਾ ਸਹੀ ਸੀ, ਪਰ ਸੀ ਇਹ ਤਾਂ ਹੀ, ਕਿਉਂਕਿ ਉਨ੍ਹਾਂ ਸਾਹਮਣੇ ਭੁੱਖ ਦਾ ਮਸਲਾ ਨਹੀਂ ਸੀ। ਇਸੇ ਲਈ ਧਰਮ ਲਈ ਗੁਰਮੁਖੀ ਅਪਣਾ ਰਹੇ ਸਨ। ਹੁਣ ਹਾਲਾਤ ਉਲਟ ਹਨ। ਹਰ ਬੰਦਾ, ਉਹ ਹਿੰਦੂ ਹੈ ਜਾਂ ਸਿੱਖ, ਜੇ ਭੁੱਖ ਤੋਂ ਅੱਗੇ ਸੋਚਦਾ ਹੈ, ਤਾਂ ਸਭ ਤੋਂ ਪਹਿਲਾਂ ਕਾਟਾ ਮਾਤ-ਭਾਸ਼ਾ ਉਤੇ ਮਾਰਦਾ ਹੈ। ਇਹ ਮੇਰੇ ਵਰਗੇ ਬੰਦੇ ਲਈ ਭਾਰੀ ਚਿੰਤਾ ਦਾ ਵਿਸ਼ਾ ਹੈ। ਇਸ ਵਰਤਾਰੇ ਨੂੰ ਸੂਝਵਾਨ ਲੋਕ ਬਸਤੀਵਾਦੀ ਤੇ ਗੁਲਾਮ ਮਾਨਸਿਕਤਾ ਆਖਦੇ ਹਨ ਤੇ ਗ਼ਲਤ ਵੀ ਨਹੀਂ ਹੈ, ਪਰ ਮੈਂ ਉਸ ਦੌਰ ਬਾਬਤ ਸੋਚਦਾ ਹਾਂ, ਜਦੋਂ ਇਸ ਦੇਸ਼ ਵਿਚ ਅੰਗਰੇਜ਼ਾਂ ਨੂੰ 'ਮਾਈ-ਬਾਪ' ਮੰਨਣ ਵਾਲੇ ਵੀ ਗੁਰਮੁਖੀ (ਓਦੋਂ ਪੰਜਾਬੀ ਲਈ ਇਹੀ ਸ਼ਬਦ ਵਰਤਦੇ ਸਨ) ਦੇ ਵਿਕਾਸ ਲਈ ਸੋਚ ਰਹੇ ਸਨ। ਇਸ ਦੇ ਵਿਕਾਸ ਲਈ ਅੰਗਰੇਜ਼ੀ ਹਕੂਮਤ ਦਾ ਵਿਰੋਧ ਕਰਨ ਵਾਲੇ ਵੀ ਲੱਗੇ ਹੋਏ ਸਨ। ਇਸੇ ਲਈ ਤਾਂ 'ਕਿਰਤੀ' ਵਰਗੇ ਪਰਚੇ ਨਿਕਲ ਰਹੇ ਸਨ। ਹੀਰਾ ਸਿੰਘ ਦਰਦ ਦਾ 'ਫੁਲਵਾੜੀ' ਤਾਂ ਬਹੁਤ ਹੀ ਸੁਚੇਤ ਸੀ ਤੇ ਇਹੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਸਥਾਪਨਾ ਲਈ ਸਹਾਈ ਹੁੰਦਾ ਹੈ। ਇਸ ਸਮੇਂ ਤੱਕ ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਲੋਕਾਈ ਦੀ ਸੋਚ ਬਦਲਦਾ ਹੋਇਆ ਆਪ ਵੀ ਕਮਿਊਨਿਜ਼ਮ ਦੇ ਫ਼ਲਸਫ਼ੇ ਦਾ ਧਾਰਨੀ ਹੋ ਗਿਆ ਸੀ। ਉਸ ਸਮੇਂ ਦੇ ਪ੍ਰਮੁੱਖ ਪਰਚੇ ਪੰਜਾਬੀ ਸਮਾਜ ਦਾ ਮੁਹਾਣ ਮੋੜਨ ਵਿਚ ਕਿਸ ਕਦਰ ਸਹਾਈ ਹੋ ਰਹੇ ਸਨ—ਇਹ ਅੱਜ ਸੋਚਣ ਦੀ ਘੜੀ ਹੈ ਜਦੋਂ ਢੇਰ ਸਾਰੇ ਪੰਜਾਬੀ ਪਰਚੇ

ਕੋਈ ਵੀ ਪ੍ਰਭਾਵ ਪਾਏ ਬਿਨਾਂ ਨਿਕਲੀ ਜਾ ਰਹੇ ਸਨ। ਕਈ ਵਾਰ ਲੱਗਦਾ ਹੈ, ਉਹ ਪ੍ਰਭਾਵ ਪਾ ਨਹੀਂ ਰਹੇ, ਸਗੋਂ ਜਿਸ ਵਰਤਾਰੇ ਵਿਰੁੱਧ ਲੜਨਾ ਸੀ, ਓਸੇ ਦੇ ਪ੍ਰਭਾਵ ਹੇਠ ਆ ਗਏ ਹਨ ਤੇ ਜੇ ਕੋਈ ਅਸਰ ਪਾ ਰਹੇ ਹਨ ਤਾਂ ਉਹ ਉਹੀ ਹੈ, ਜਿਸਨੂੰ ਸਮਾਜ ਪਹਿਲਾਂ ਹੀ ਗ੍ਰਹਿਣ ਕਰ ਰਿਹਾ ਹੈ। ਇਸ ਸਮੇਂ ਦਲਿਤ ਸਮਾਜ ਅੰਦਰ ਚੇਤਨਾ ਆ ਰਹੀ ਹੈ, ਪਰ ਸਾਡੇ ਮਾਰਕਸਵਾਦੀ ਡਾ. ਭੀਮ ਰਾਓ ਅੰਬੇਦਕਰ ਦਾ ਦੁਰੱਸਤ ਵਿਸ਼ਲੇਸ਼ਣ ਪੇਸ਼ ਨਹੀਂ ਕਰ ਸਕੇ। ਇਕ ਆਦਮੀ, ਜੋ ਸਮਾਜ ਦੇ ਸਦੀਆਂ ਤੋਂ ਮਹਿਰੂਮ ਬੰਦੇ ਦਾ ਹੌਸਲਾ ਬਣ ਰਿਹਾ ਹੈ, ਉਸ ਨੂੰ ਅੰਗਰੇਜ਼ ਹਕੂਮਤ ਦਾ ਹਾਮੀ-ਹਮਾਇਤੀ ਆਖ ਕੇ ਹੀ ਮਾਮਲਾ ਖ਼ਤਮ ਨਹੀਂ ਹੋ ਸਕਦਾ। ਸਾਨੂੰ ਇਸ ਤੋਂ ਅੱਗੇ ਤੱਕ ਸੋਚਣਾ ਪਵੇਗਾ। ਮੇਰੀ ਗੱਲ ਮੇਰੇ ਹਾਮੀ-ਹਮਾਇਤੀ ਕਾਮਰੇਡਾਂ ਨੂੰ ਬੁਰੀ ਲੱਗ ਸਕਦੀ ਹੈ, ਪਰ ਇਹ ਸੱਚੀ ਗੱਲ ਹੈ ਕਿ ਇਹ ਕਮਿਊਨਿਸਟ ਨੇਤਾ ਹੀ ਸਨ, ਜਿਨ੍ਹਾਂ ਸਾਨੂੰ ਅੰਬੇਦਕਰ ਪੜ੍ਹਨ ਹੀ ਨਹੀਂ ਦਿੱਤਾ। ਮੇਰੀ ਜ਼ਿੰਦਗੀ ਦੇ ਕਈ ਪਛਤਾਵੇ ਹਨ, ਜਿਨ੍ਹਾਂ ਵਿਚ ਇਕ ਇਹ ਹੈ ਕਿ ਮੈਂ ਉਸ ਮਹਾਨ ਬੰਦੇ ਦੇ ਗਿਆਨ ਤੋਂ ਮਹਿਰੂਮ ਰਹਿ ਗਿਆ ਹਾਂ ਤੇ ਹੁਣ ਪੜ੍ਹ ਨਹੀਂ ਸਕਦਾ। ਕਈ ਵਾਰ ਤਾਂ ਅਖ਼ਬਾਰ ਵੀ ਮੇਰੇ ਕਲਾਕਾਰ ਪੜ੍ਹ ਕੇ ਸੁਣਾਉਂਦੇ ਹਨ।

### *ਬੁਧੂਆ ਯਾਦ ਆਉਂਦਾ ਹੈ*

ਸਕੂਲੀ ਦਿਨਾਂ 'ਤੇ ਝਾਤ ਮਾਰਦਾ ਹਾਂ ਤਾਂ ਬੁਧੂਆ ਯਾਦ ਆਉਂਦਾ ਹੈ। ਉਹ ਗ਼ਰੀਬ ਦਲਿਤ ਪਰਿਵਾਰ ਦਾ ਬੱਚਾ ਸੀ। ਇਹ 'ਦਲਿਤ' ਤਾਂ ਅੱਜ ਦਾ ਲਫ਼ਜ਼ ਹੈ। ਉਸ ਸਮੇਂ ਤਾਂ 'ਚੂਹੜਾ-ਚਮਾਰ' ਜਾਂ ਇਸੇ ਤਰ੍ਹਾਂ ਦੇ ਹੀਣਤਾ ਭਰੇ ਸ਼ਬਦ ਚੱਲਦੇ ਸਨ। ਇਸ 'ਦਲਿਤ' ਅੰਦਰ ਹਮਦਰਦੀ ਵਰਗੀ ਭਾਵਨਾ ਹੈ ਜਾਂ ਉਹ ਭਾਵ ਹੈ ਜਿਵੇਂ ਦਲਿਤ ਲੋਕ 'ਗੌਰਵ' ਦੀ ਗੱਲ ਕਰਦੇ ਹਨ, ਪਰ ਉਸ ਸਮੇਂ ਸ਼ੂਦਰ ਅਛੂਤ ਲਈ ਵਰਤੇ ਜਾਂਦੇ ਸਨ। ਸਾਡਾ ਪਰਿਵਾਰ ਜਾਤੀਵਾਦੀ ਨਹੀਂ ਸੀ। ਇਸੇ ਲਈ ਨਾਂ ਨਾਲ ਵੀ ਜਾਤ-ਗੋਤ ਤੋਂ ਗੁਰੇਜ਼ ਸੀ। ਮੇਰੇ ਪਿਤਾ ਅੰਗਰੇਜ਼ੀ ਪ੍ਰਭਾਵ ਵਾਲੇ ਸੱਭਿਅਕ ਵਿਚਾਰਾਂ ਵਾਲੇ ਡਾਕਟਰ ਸਨ। ਇਸੇ ਲਈ ਘਰ ਵਿਚ ਗ਼ਰੀਬ ਬੰਦੇ ਲਈ ਹਮਦਰਦੀ ਦਾ ਭਾਵ ਸੀ। ਮੇਰੇ ਬਾਲ-ਮਨ 'ਤੇ ਹੋਵੇਗਾ, ਤਾਂ ਹੀ ਮੈਨੂੰ ਬੁਧੂਆ ਚੰਗਾ ਲੱਗਦਾ ਸੀ। ਉਹ ਸਭ ਤੋਂ ਲਾਇਕ ਵਿਦਿਆਰਥੀ ਸੀ, ਪਰ ਤੀਜੀ ਕਲਾਸ ਤੋਂ ਅੱਗੇ ਨਾ ਜਾ ਸਕਿਆ। ਅਧਿਆਪਕ ਖੁਸ਼ਖ਼ਤ ਫੱਟੀ ਲਿਖਣ ਲਈ ਉਸ ਦੀ ਮਿਸਾਲ ਦਿੰਦੇ ਸਨ। ਫਿਰ ਉਹ ਕਲਾਸ ਲਈ ਬਸ ਯਾਦ ਕਰਨ ਵਾਲਾ ਪਾਤਰ ਬਣ ਕੇ ਰਹਿ ਗਿਆ। ਇਸੇ ਸਮੇਂ ਅਸੀਂ ਅੰਮ੍ਰਿਤਸਰ ਆ ਗਏ।

ਮੇਰੀ ਸਕੂਲੀ ਪੜ੍ਹਾਈ ਕਈ ਸ਼ਹਿਰਾਂ ਵਿਚ ਹੋਈ ਹੈ। ਇਹ ਸਾਲ-ਛਿਮਾਹੀ ਤੱਕ ਵੀ ਰਹੀ ਹੈ। ਮੇਰੇ ਪਿਤਾ ਜੀ ਰੀਜ਼ਰਵ ਫੋਰਸ ਵਿਚ ਡਾਕਟਰ ਸਨ ਅਤੇ ਅਕਸਰ ਇੱਧਰ-ਉਧਰ ਬਦਲੀ ਹੋ ਜਾਂਦੀ ਸੀ। ਮੈਨੂੰ ਯਾਦ ਹੈ, ਮੈਂ ਫ਼ਿਰੋਜ਼ਪੁਰ ਦੇ ਦਾਲ ਚੰਦ ਮੈਮੋਰੀਅਲ ਸਕੂਲ ਵੀ ਪੜ੍ਹਦਾ ਰਿਹਾ ਹਾਂ। ਇਹ ਜੈਨੀਆਂ ਦਾ ਸਕੂਲ ਸੀ। ਇਸ ਸ਼ਹਿਰ ਦੀ ਹਰਨ ਪਾਰਕ ਗਰਾਊਂਡ ਵਿਚ ਧਿਆਨ ਚੰਦ ਹਾਕੀ ਵੀ ਖੇਡਦਾ ਰਿਹਾ ਹੈ।

ਕਈ ਸਾਲਾਂ ਬਾਅਦ ਮੁੜ ਮੁਲਤਾਨ ਜਾਂਦਾ ਹਾਂ। ਇਹ 1945-46 ਦੀ ਗੱਲ ਹੈ। ਮੈਂ ਐਮਰਸਨ ਕਾਲਜ ਦਾ ਵਿਦਿਆਰਥੀ ਸਾਂ। ਇਕ ਦਿਨ ਸਾਈਕਲ 'ਤੇ ਜਾ ਰਿਹਾ ਸਾਂ। ਉਸ

ਸਮੇਂ ਸਾਈਕਲ ਹੋਣਾ ਵੀ ਵੱਡੀ ਗੱਲ ਸੀ। ਮੇਰੇ ਸਾਹਮਣੇ ਕੋਈ ਮੇਰੀ ਉਮਰ ਦਾ ਨੌਜਵਾਨ ਸੀ। ਉਸ ਨੇ ਮੇਰੇ ਵੱਲ ਵੇਖਿਆ ਤੇ ਮੈਂ ਵੀ, ਪਰ ਮੈਂ ਉਸ ਦੇ ਕੋਲ ਦੀ ਗੁਜ਼ਰ ਗਿਆ। ਇਕਦਮ ਪਿੱਛੋਂ ਆਵਾਜ਼ ਆਈ, "ਕਾਕਾ ਜੀ.... !"

ਇਹ ਆਵਾਜ਼ ਉਸ ਨੇ ਹੀ ਮਾਰੀ ਸੀ। ਉਸ ਸਮੇਂ ਮੈਨੂੰ ਮੁਲਤਾਨ ਦੇ ਬਹੁਤੇ ਲੋਕ 'ਕਾਕਾ ਜੀ' ਆਖ ਕੇ ਹੀ ਬੁਲਾਉਂਦੇ ਸਨ। ਮੈਂ ਸਾਈਕਲ ਰੋਕ ਕੇ ਪਿਛਾਂਹ ਆਇਆ ਤਾਂ ਇਕ ਦੁੱਖਦਾਈ ਯਾਦ ਮਨ-ਮਸਤਕ 'ਤੇ ਉੱਕਰੀ ਗਈ। ਉਹ 'ਤੇ ਬੁਧੂਆ ਸੀ। ਜਿਸ ਸੜਕ 'ਤੇ ਮੇਰਾ ਸਾਈਕਲ ਦੌੜ ਰਿਹਾ ਸੀ, ਬੁਧੂਆ ਉਸੇ 'ਤੇ ਜਮਾਂਦਾਰ ਸੀ। ਹੁਣ ਤੱਕ ਉਸ ਦੀ ਖੁਸ਼ਖ਼ਤ ਲਿਖੀ ਫੱਟੀ ਯਾਦ ਕਰਦਾ ਸਾਂ, ਉਸ ਦਿਨ ਤੋਂ ਬਾਅਦ ਜਮਾਂਦਾਰ ਬੁਧੂਆ ਦੀ ਝਾਕੀ ਮੇਰੇ ਮਨ-ਮੰਚ ਤੋਂ ਕਦੇ ਅਲੋਪ ਨਹੀਂ ਹੋਈ। ਉਹ ਫੱਟੀ ਪੋਚਣ ਦਾ ਵੀ ਉਸਤਾਦ ਸੀ ਅਤੇ ਗੁਰਮੁਖੀ ਵਰਣਮਾਲਾ ਤੇ ਉਰਦੂ ਰਸਮੁਲਖ਼ਤ ਲਿਖਣ ਵਿਚ ਵੀ ਉਸ ਨੂੰ ਲਾਮਿਸਾਲ ਮੁਹਾਰਤ ਸੀ। ਉਸ ਸਮੇਂ ਜ਼ਿਆਦਾਤਰ ਉਰਦੂ ਦੀ ਪੜ੍ਹਾਈ ਹੁੰਦੀ ਸੀ। ਕਈ ਸਕੂਲਾਂ ਵਿਚ ਹਿੰਦੀ ਦੀ ਪੜ੍ਹਾਈ ਲਈ ਦੇਵਨਾਗਰੀ ਵੀ ਚੱਲਦੀ ਸੀ। ਸਾਡੇ ਸਕੂਲ ਵਿਚ, ਜਿਵੇਂ ਪਹਿਲਾਂ ਦੱਸਿਆ ਹੈ, ਗੁਰਮੁਖੀ ਵੀ ਪੜ੍ਹਾਈ ਜਾਂਦੀ ਸੀ ਅਤੇ ਬੁਧੂਆ ਦੋਵਾਂ ਦੀ ਮੋਤੀਆਂ ਵਰਗੀ ਲਿਖਾਈ ਲਈ ਮਿਸਾਲੀ ਵਿਦਿਆਰਥੀ ਸੀ। ਉਸ ਕੋਲੋਂ ਕਲਮ ਛੁੱਟ ਗਈ ਤੇ ਝਾੜੂ ਆ ਗਿਆ। ਇਹ ਉਸ ਦੇ ਜੀਵਨ ਦੀ ਹੀ ਨਹੀਂ, ਸਮਾਜ ਦੀ ਤ੍ਰਾਸਦੀ ਸੀ ਤੇ ਲੱਗਦਾ ਸੀ, ਆਜ਼ਾਦ ਭਾਰਤ ਅਜਿਹੀਆਂ ਸਮਾਜੀ ਤ੍ਰਾਸਦੀਆਂ ਤੋਂ ਮੁਕਤ ਹੋਵੇਗਾ ਅਤੇ ਸਮਾਜਵਾਦੀ ਰਾਜ ਵਿਚ ਲੋਕ ਇਤਿਹਾਸ ਹੋ ਗਈਆਂ ਸੱਚਾਈਆਂ ਬਾਰੇ ਹੈਰਾਨੀ ਨਾਲ ਪੜ੍ਹਨਗੇ। ਇਸ ਸਮੇਂ ਤੱਕ ਮਾਰਕਸਵਾਦ ਦਾ ਅਸਰ ਹੋ ਗਿਆ ਸੀ ਅਤੇ ਇਕ ਨੌਜਵਾਨ ਕਮਿਊਨਿਸਟ ਹੋਣ ਦੇ ਨਾਤੇ ਇਸ ਅਨਹੋਣੀ ਨੂੰ 'ਭਾਣਾ' ਮੰਨ ਕੇ ਵਾਹਿਗੁਰੂ ਦਾ ਸ਼ੁਕਰ ਅਦਾ ਕਰਨਾ ਮੇਰੇ ਲਈ ਸੰਭਵ ਨਹੀਂ ਸੀ। ਮੇਰੀ ਗ਼ਰੀਬ ਬੰਦੇ ਵੱਲ ਹਮਦਰਦੀ ਦੀ ਨਿਗਾਹ ਤਾਂ ਬਾਬਾ ਨਾਨਕ ਦੀ ਬਾਣੀ ਤੇ ਜੀਵਨ-ਜਾਚ ਨੇ ਤੈਅ ਕੀਤੀ ਸੀ, ਪਰ ਸਮਝ ਗਿਆ ਸਾਂ ਕਿ ਜਮਾਤੀ ਸਮਾਜ ਦੇ ਦੁੱਖ ਦਾ ਇਲਾਜ ਸਿੱਖੀ ਦੇ ਆਦਰਸ਼ ਜੀਵਨ ਕੋਲ ਨਹੀਂ, ਸਗੋਂ ਮਾਰਕਸਵਾਦ ਕੋਲ ਹੈ। ਉਸ ਦਿਨ ਅਹਿਸਾਸ ਹੋਇਆ ਕਿ ਮੈਂ ਇਕ ਖਾਂਦੇ-ਪੀਂਦੇ ਘਰ ਦਾ ਬੱਚਾ ਹਾਂ ਤੇ ਕਾਲਜ ਪੜ੍ਹ ਰਿਹਾ ਹਾਂ, ਜਦ ਕਿ ਬੁਧੂਆ ਜਮਾਂਦਾਰ ਕਹੇ ਜਾਂਦੇ ਪਰਿਵਾਰ ਦਾ ਬਾਲ ਸੀ ਤੇ ਸੜਕ 'ਤੇ ਝਾੜੂ ਮਾਰ ਰਿਹਾ ਸੀ। ਮੈਂ ਮਾਰਕਸਵਾਦ ਦਾ ਸਬਕ ਤਾਂ ਆਪਣੇ ਵੱਡੇ ਭਰਾ ਡਾ. ਇੰਦਰਜੀਤ ਸਿੰਘ ਤੋਂ ਸਿੱਖ ਲਿਆ ਸੀ, ਪਰ ਮੇਰੇ ਮਨ ਅੰਦਰ ਕਮਿਊਨਿਜ਼ਮ ਦੇ ਸਿਧਾਂਤ ਦੀਆਂ ਜੜ੍ਹਾਂ ਮੇਰੇ ਅਹਿਸਾਸ ਵਿਚ ਹਨ। ਜਦੋਂ ਵੀ ਮੈਂ ਬਰਾਬਰੀ ਦੇ ਸਮਾਜ ਦਾ ਸੰਦੇਸ਼ ਦੇ ਰਿਹਾ ਹੁੰਦਾ ਹਾਂ, ਉਸ ਸਮੇਂ ਬੁਧੂਆ ਨਾਲ ਮੇਲ ਦਾ ਸੀਨ ਮੇਰੇ ਹਿਰਦੇ 'ਚ ਹੁੰਦਾ ਹੈ।

### *ਸੱਭਿਆਚਾਰਕ ਖੇਤਰ ਦੀ ਹਲਚਲ*

ਮੈਂ ਜਵਾਨੀ 'ਚ ਕਦਮ ਧਰ ਰਿਹਾ ਸਾਂ, ਜਦੋਂ ਬੰਗਾਲ ਦੇ ਅਕਾਲ ਨੇ ਸਾਰੇ ਦੇਸ਼ ਨੂੰ ਹਲੂਣ ਕੇ ਰੱਖ ਦਿੱਤਾ ਸੀ। ਉਸਦੇ ਸ਼ਿਕਾਰ ਹੋਣ ਵਾਲੇ ਲੋਕਾਂ ਲਈ ਸਾਰੇ ਮੁਲਕ ਅੰਦਰ ਹਮਦਰਦੀ ਸੀ ਅਤੇ ਸਹਾਇਤਾ ਕਰਨ ਦਾ ਅਮਲ ਵੀ ਚੱਲ ਰਿਹਾ ਸੀ। ਇਸ ਸਮੇਂ

ਕਮਿਊਨਿਸਟ ਪਾਰਟੀ ਨੇ ਸੱਭਿਆਚਾਰਕ ਸਮਾਗਮਾਂ ਦੀ ਲੜੀ ਚਲਾਈ ਤੇ ਸਹਾਇਤਾ ਲਈ ਯਤਨ ਆਰੰਭ ਹੋਏ। ਇਸ ਮਕਸਦ ਲਈ ਪਾਰਟੀ ਦੇ ਪ੍ਰਮੁੱਖ ਆਗੂ ਪੀ.ਸੀ. ਜੋਸ਼ੀ ਦੇ ਯਤਨਾਂ ਸਦਕਾ ਸੱਭਿਆਚਾਰਕ ਸਰਗਰਮੀ ਹਿੱਤ ਕੇਂਦਰੀ ਪੱਧਰ 'ਤੇ ਟੀਮ ਬਣਾਈ ਗਈ। ਇਸ ਨੂੰ ਮਿਲੇ ਹੁੰਗਾਰੇ 'ਚੋਂ ਹੀ 'ਇਪਟਾ' ਦਾ ਜਨਮ ਹੁੰਦਾ ਹੈ। 'ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ' ਮੰਚ ਵਕਤੀ ਲੋੜ 'ਚੋਂ ਪੈਦਾ ਹੁੰਦਾ ਹੈ, ਤਾਂ ਵੀ ਕੁੱਲ ਹਿੰਦ ਪੱਧਰ ਦੀ ਲੋਕ-ਪੱਖੀ ਕਲਾ ਦੇ ਸੱਭਿਆਚਾਰਕ ਇਤਿਹਾਸ ਦਾ ਸੁਨਹਿਰੀ ਅਧਿਆਏ ਸਾਬਿਤ ਹੁੰਦਾ ਹੈ, ਜਿਸ ਵਿਚ ਹਰ ਤਰ੍ਹਾਂ ਦੀ ਪ੍ਰਦਰਸ਼ਨੀ ਕਲਾ ਤੇ ਪੇਂਟਿੰਗ ਵਰਗੀ ਸੂਖ਼ਮ ਕਲਾ ਵੀ ਸ਼ਾਮਲ ਸੀ। ਇਹ ਸਭ ਰਲ ਕੇ ਸਹੀ ਅਰਥਾਂ 'ਚ ਰੰਗਮੰਚ ਬਣ ਗਿਆ ਸੀ। ਇਹ ਭਾਰਤੀ ਕਮਿਊਨਿਸਟ ਪਾਰਟੀ ਦੇ ਸੁਚੇਤ ਯਤਨਾਂ ਸਦਕਾ ਹੋਂਦ ਵਿਚ ਆਇਆ ਸੱਭਿਆਚਾਰਕ ਮੰਚ ਸੀ, ਜਿਸ ਨੇ ਗ਼ੈਰ-ਪਾਰਟੀ ਪ੍ਰਗਤੀਸ਼ੀਲ ਅੰਸ਼ਾਂ ਨੂੰ ਵੀ ਭਾਰੀ ਗਿਣਤੀ ਵਿਚ ਪ੍ਰਭਾਵਤ ਕੀਤਾ ਸੀ।

'ਇਪਟਾ' ਦੇਸ਼ ਭਰ ਅੰਦਰ ਪ੍ਰਦਰਸ਼ਨੀ ਕਲਾਵਾਂ ਦਾ ਸਾਂਝਾ ਮੰਚ ਸੀ, ਜਿਸ ਨੇ ਪੰਜਾਬ ਵਿਚ ਸੱਭਿਆਚਾਰਕ ਲਹਿਰ ਦੇ ਮਹਾਨ ਇਤਿਹਾਸ ਦੀ ਸਿਰਜਣਾ ਕੀਤੀ। ਇਸ ਨੇ ਤੇਰਾ ਸਿੰਘ ਚੰਨ ਵਰਗਾ ਓਪੇਰਾ ਸਿਰਜਕ ਤੇ ਜਥੇਬੰਦਕ ਨੇਤਾ ਅਤੇ ਪੰਜਾਬ ਦੀ ਸਟੇਜ ਦਾ ਬਾਦਸ਼ਾਹ ਜੋਗਿੰਦਰ ਬਾਹਰਲਾ ਦਿੱਤਾ ਸੀ। ਤੇਰਾ ਸਿੰਘ ਚੰਨ ਦਾ ਓਪੇਰਾ 'ਲੱਕੜ ਦੀ ਲੱਤ' ਅਮਨ ਲਹਿਰ ਦੇ ਦੌਰ ਦੀ ਮਹਾਨ ਰਚਨਾ ਹੈ। ਉਸ ਦੇ ਸਿਰਜਣ ਸੰਸਾਰ ਵਿਚ 'ਅਮਰ ਪੰਜਾਬ' ਵਰਗਾ ਓਪੇਰਾ ਵੀ ਸ਼ਾਮਲ ਹੈ, ਜਿਸ ਦੀਆਂ ਪੇਸ਼ਕਾਰੀਆਂ 'ਇਪਟਾ' ਦਾ ਸਿਖ਼ਰਲਾ ਦੌਰ ਗੁਜ਼ਰਨ ਤੋਂ ਬਾਅਦ ਵੀ ਹੁੰਦੀਆਂ ਰਹੀਆਂ ਹਨ। ਇਸ ਦੀਆਂ ਪਹਿਲ-ਪਲੇਠੀਆਂ ਪੇਸ਼ਕਾਰੀਆਂ ਵਿਚੋਂ ਇਕ ਦੀ ਰਿਹਰਸਲ ਸਾਡੇ ਘਰ ਹੋਈ ਸੀ। ਸਾਡੇ ਭਾਈਆ ਜੀ ਦੇ ਡਾਈਨਿੰਗ ਰੂਮ ਦੇ ਇਕਦਮ ਸਾਹਮਣੇ, ਖੁੱਲ੍ਹੇ ਵਿਹੜੇ ਵਿਚ। ਉਹ ਸਾਡੇ ਵਿਚਾਰਾਂ ਦੇ ਭਾਈਵਾਲ ਨਹੀਂ ਸਨ। ਸਾਨੂੰ 'ਰੂਸੀ ਖ਼ਿਆਲਾਤ ਵਾਲੇ' ਆਖਦੇ ਸਨ, ਤਾਂ ਵੀ ਟਕਰਾਅ ਕੋਈ ਨਹੀਂ ਸੀ। ਮੇਰੇ ਵੱਡੇ ਭਰਾ ਡਾ. ਇੰਦਰਜੀਤ ਸਿੰਘ, ਜੋ ਇਕ ਸਮਾਂ ਪਾਰਟੀ ਹੋਲ ਟਾਈਮਰ ਵੀ ਰਹੇ ਅਤੇ ਬੀ.ਟੀ. ਰੰਧੀਵੇ ਦੀ ਸਖ਼ਤ ਕਿਸਮ ਦੀ ਲਾਈਨ ਆਉਣ 'ਤੇ ਆਪਣੇ ਪੇਸ਼ਾਗਤ ਕਾਰਜ ਵਿਚ ਮਸ਼ਰੂਫ਼ ਹੋ ਗਏ, ਨਾਲ ਸੋਹਨ ਸਿੰਘ ਜੋਸ਼ ਅਕਸਰ ਘਰ ਆ ਜਾਂਦੇ ਸਨ।

ਪੰਜਾਬੀ ਲੋਕ-ਪੱਖੀ ਓਪੇਰਾ ਇਪਟਾ ਦੀ ਲਹਿਰ ਸਦਕਾ ਰੰਗਮੰਚ 'ਤੇ ਆਉਂਦਾ ਹੈ ਤੇ ਇਹਦੇ ਨਾਲ ਹੀ ਵਿਦਾ ਹੋ ਜਾਂਦਾ ਹੈ। ਇਸ ਨਾਲ ਥੋੜ੍ਹੀ ਦੂਰੀ ਤੋਂ ਜੁੜਨ ਵਾਲੇ ਸ. ਭਾਗ ਸਿੰਘ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਦੇ ਲੋਕ ਸੰਪਰਕ ਵਿਭਾਗ ਦੀ ਸਟੇਜ 'ਤੇ ਜਾ ਕੇ ਓਪੇਰੇ ਦੀ ਵਿਧਾ ਦੀਆਂ ਬਿਹਤਰੀਨ ਪੇਸ਼ਕਾਰੀਆਂ ਕਰਦੇ ਰਹੇ ਹਨ। ਇਨ੍ਹਾਂ ਦਾ ਵਿਸ਼ਾ ਅਕਸਰ ਕਿੱਸਾ-ਕਾਵਿ ਹੁੰਦਾ ਸੀ। ਉਨ੍ਹਾਂ ਦਾ ਓਪੇਰਾ 'ਹੀਰ-ਰਾਂਝਾ' ਤਾਂ ਬਹੁਤ ਦੇਰ ਤੱਕ ਖੇਡਿਆ ਜਾਂਦਾ ਰਿਹਾ ਹੈ, ਉਸ ਸਮੇਂ ਵੀ, ਜਦੋਂ ਉਹ ਸਰਕਾਰੀ ਨੌਕਰੀ ਤੋਂ ਰਿਟਾਇਰ ਹੋ ਚੁੱਕੇ ਸਨ। ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਇਪਟਾ ਦੇ ਕਲਾਕਾਰਾਂ ਨੂੰ ਜੋੜ ਕੇ ਇਸ ਦੇ ਸਮਾਨਾਂਤਰ ਹੀ ਸਰਕਾਰੀ ਸੱਭਿਆਚਾਰਕ ਯਤਨ ਵਜੋਂ ਲੋਕ ਸੰਪਰਕ ਵਿਭਾਗ ਦੀ ਸਥਾਪਨਾ ਕੀਤੀ ਸੀ। ਇਹ ਨਰਿੰਦਰ ਦੁਸਾਂਝ ਦੇ ਨਾਟਕ "ਜੋਰੀ ਮੰਗੈ ਦਾਨੁ ਵੇ ਲਾਲੋ" ਤੋਂ ਬਾਅਦ

ਦੀ ਗੱਲ ਹੈ, ਜੋ ਖੁਸ਼ਹੈਸੀਅਤ ਟੈਕਸ ਖ਼ਿਲਾਫ ਜ਼ਬਰਦਸਤ ਪੇਸ਼ਕਾਰੀ ਸੀ। ਇਸ 'ਤੇ ਤਾਂ ਪੰਜਾਬ ਸਰਕਾਰ ਨੇ ਪਾਬੰਦੀ ਤੱਕ ਲਗਾ ਦਿੱਤੀ ਸੀ ਤੇ ਪਾਬੰਦੀ ਤੋੜ ਕੇ ਸ਼ੋਅ ਕਰਦੀ ਸਮੁੱਚੀ ਟੀਮ ਜੇਲ੍ਹ ਅੰਦਰ ਡੱਕ ਦਿੱਤੀ ਸੀ।

## *ਇਪਟਾ ਤੇ ਫਿਲਮ-ਜਗਤ*

ਇਪਟਾ ਨੇ ਹਰ ਪੱਧਰ 'ਤੇ ਕਲਾ-ਜਗਤ ਨੂੰ ਪ੍ਰਭਾਵਤ ਕੀਤਾ ਸੀ। ਇਪਟਾ ਬੰਗਾਲ ਦੇ ਅਕਾਲ ਦੌਰਾਨ ਭੁੱਖਮਰੀ ਦੇ ਸ਼ਿਕਾਰ ਲੋਕਾਂ ਲਈ ਕੀਤੇ ਸਹਾਇਤਾ ਯਤਨਾਂ ਦੀ ਉਪਜ ਸੀ। ਇਸ ਨੇ 20ਵੀਂ ਸਦੀ ਦੇ ਫਿਲਮ ਵਰਗੇ ਜ਼ਬਰਦਸਤ ਮਾਧਿਅਮ ਨੂੰ ਵੀ ਪ੍ਰਭਾਵਿਤ ਕੀਤਾ। ਇਸ ਪ੍ਰਭਾਵ ਅਧੀਨ ਹੀ 'ਧਰਤੀ ਦੇ ਲਾਲ' ਫਿਲਮ ਸਾਹਮਣੇ ਆਈ, ਜਿਸ ਦਾ ਵਿਸ਼ਾ-ਵਸਤੂ ਬੰਗਾਲ ਦਾ ਅਕਾਲ ਸੀ। ਇਸੇ ਤਰ੍ਹਾਂ **ਨੀਚਾ ਨਗਰ, ਹਮ ਲੋਗ, ਜ਼ਲਜਲਾ** ਵਰਗੀਆਂ ਫਿਲਮਾਂ ਆਉਂਦੀਆਂ ਹਨ। ਇਸ ਲਹਿਰ ਸਦਕਾ ਆਈਆਂ **ਗਰਮ ਹਵਾ** ਤੇ **ਦੋ ਬੀਘਾ ਜ਼ਮੀਨ** ਤਾਂ ਅੱਜ ਤੱਕ ਉਚੇਚ ਨਾਲ ਵੇਖੀਆਂ ਜਾ ਰਹੀਆਂ ਹਨ। ਇਹ ਸਾਹਿਤ ਵਾਂਗ ਸੰਵੇਦਨਸ਼ੀਲ ਫਿਲਮਾਂ ਸਨ। ਇਸੇ ਲਈ ਤਾਂ ਇਤਿਹਾਸ ਸਿਰਜਣ ਵਿਚ ਸਫ਼ਲ ਰਹੀਆਂ ਸਨ। ਇਨ੍ਹਾਂ ਵਿਚੋਂ 'ਜ਼ਲਜਲਾ' ਤਾਂ ਵਿਸ਼ਵ-ਪ੍ਰਸਿੱਧ ਬੰਗਾਲੀ ਲੇਖਕ ਰਾਬਿੰਦਰ ਨਾਥ ਟੈਗੋਰ ਦੀ ਰਚਨਾ 'ਤੇ ਆਧਾਰਤ ਸੀ। ਇਹ ਪ੍ਰਤੀਬੱਧਤਾ ਦੀਆਂ ਫਿਲਮਾਂ ਸਨ। ਇਨ੍ਹਾਂ ਵਿਚ ਕਮਿਊਨਿਸਟ ਵਿਚਾਰਧਾਰਾ ਸੀ, ਧਰਮ ਨਿਰਪੱਖਤਾ ਸੀ, ਗ਼ਰੀਬ ਆਦਮੀ ਦੇ ਪੱਖ ਵਿਚ ਉਠਦੀ ਆਵਾਜ਼ ਸੀ। ਇਹ ਉਸ ਵਕਤ ਦੇ ਲੋਕਾਂ ਦੇ ਮਨਾਂ ਅੰਦਰ ਵੱਸ ਗਈਆਂ ਸਨ। ਮੈਂ ਏਨੇ ਸਾਲਾਂ ਬਾਅਦ ਵੀ 'ਨੀਚਾ ਨਗਰ' ਦਾ ਸੀਨ ਚੇਤੇ ਕਰ ਸਕਦਾ ਹਾਂ। ਉਸ ਫਿਲਮ ਵਿਚ ਹੜ੍ਹ ਆਉਂਦਾ ਹੈ। ਉਹ ਪਾਣੀ ਨੀਵੇਂ ਪਾਸੇ ਛੱਡਣ ਦਾ ਸੀਨ ਹੈ। ਲੋਕ ਫੱਟੇ ਲਾ ਕੇ ਹੜ੍ਹ ਰੋਕੀ ਖੜ੍ਹੇ ਹਨ। ਮੈਂ ਸੋਚਦਾਂ, ਜੇ ਹੁਣ ਵਰਗੀਆਂ ਸ਼ੂਟਿੰਗ ਸਹੂਲਤਾਂ ਹੁੰਦੀਆਂ, ਤਾਂ ਇਹ ਸੀਨ ਹੋਰ ਵੀ ਯਾਦਗਾਰੀ ਹੋ ਜਾਣਾ ਸੀ। ਉਹ ਸੀਨ ਉਸ ਸਮੇਂ ਦੀ ਤਕਨੀਕ ਸਹਾਰੇ ਨਿਰਦੇਸ਼ਨ ਕਲਾ ਦਾ ਸਿਖ਼ਰ ਸਿਰਜਣ ਵਾਲਾ ਸੀ। ਉਸ ਸਮੇਂ ਇਪਟਾ ਕਲਾਕਾਰ ਹੀ ਨਹੀਂ, ਹੋਰ ਫਿਲਮਕਾਰ ਵੀ ਲੋਕ-ਪੱਖੀ ਸਵਾਲਾਂ 'ਤੇ ਕੇਂਦਰਤ ਫਿਲਮਾਂ ਬਣਾ ਰਹੇ ਸਨ। ਵੀ.ਸ਼ਾਂਤਾ ਰਾਮ ਦੀ ਤਾਂ ਝੰਡੀ ਸੀ।

## *ਮੇਰੀਆਂ ਸੱਭਿਆਚਾਰਕ ਸਰਗਰਮੀਆਂ ਦਾ ਆਰੰਭ*

ਇਪਟਾ ਲਹਿਰ ਦੇ ਨਾਟਕ ਅਤੇ ਇਸ ਦੇ ਪ੍ਰਭਾਵ ਹੇਠ ਬਣ ਰਹੀਆਂ ਫਿਲਮਾਂ—ਇਹ ਸਾਰਾ ਕੁਝ ਮੇਰੇ ਮਨ-ਮਸਤਕ ਅੰਦਰ ਗਹਿਰਾ ਧੱਸ ਚੁੱਕਾ ਸੀ। ਜਦੋਂ 1951 ਵਿਚ ਭਾਖੜਾ ਡੈਮ ਦੀ ਨੌਕਰੀ ਕਰਦਿਆਂ ਸੱਭਿਆਚਾਰਕ ਸਰਗਰਮੀਆਂ ਆਰੰਭ ਕੀਤੀਆਂ ਉਸ ਸਮੇਂ ਮੁਲਕ ਨੂੰ ਮਿਲੀ ਆਜ਼ਾਦੀ ਦਾ ਜਸ਼ਨੀ ਦੌਰ ਸੀ। ਲੋਕ 15 ਅਗਸਤ ਦਾ ਦਿਨ ਉਤਸਵ ਦੀ ਤਰ੍ਹਾਂ ਮਨਾ ਰਹੇ ਸਨ। ਮੇਰੇ ਵਰਗੇ ਲੋਕਾਂ ਨੂੰ ਸਮਾਜਵਾਦ, ਸੋਵੀਅਤ ਯੂਨੀਅਨ ਦੀ ਫ਼ਾਸ਼ੀਵਾਦ 'ਤੇ ਜਿੱਤ ਤਾਂ ਆਕਰਸ਼ਤ ਕਰਦੀ ਸੀ, ਪਰ ਉਸ ਸਮੇਂ ਬੀ.ਟੀ. ਰੰਧੀਵੇ ਦੀ 'ਆਜ਼ਾਦੀ ਝੂਠੀ ਹੈ' ਵਰਗੀ ਲਾਈਨ ਸਵੀਕਾਰ ਨਹੀਂ ਸੀ। ਇਹਦੇ ਨਾਲ ਹੀ ਸਾਹਿਰ ਲੁਧਿਆਣਵੀ ਦਾ 'ਵੋ ਸੁਬਹ ਕਭੀ ਤੋ ਆਏਗੀ....' ਦਾ ਖ਼੍ਵਾਬ ਵੀ ਸੀ ਤੇ ਸਰਦਾਰ ਜ਼ਾਫਰੀ

ਦੇ ਬੋਲ ਵੀ ਫ਼ਿਜ਼ਾ ਵਿਚ ਗੂੰਜ ਰਹੇ ਸਨ:

*ਖ਼ਿਜਾ ਕਹੇਂਗੇ ਫਿਰ ਕਿਸੇ*
*ਅਗਰ ਯਹੀ ਬਹਾਰ ਹੈ?*

ਉਹ ਉਮੀਦਾਂ ਦਾ ਦੌਰ ਸੀ। ਇਸੇ ਲਈ ਤਾਂ ਭਾਖੜਾ ਡੈਮ ਪੰਡਿਤ ਜਵਾਹਰ ਲਾਲ ਨਹਿਰੂ ਦੇ ਸ਼ਬਦਾਂ ਵਿਚ 'ਆਧੁਨਿਕ ਭਾਰਤ ਦਾ ਮੰਦਿਰ' ਲੱਗਦਾ ਸੀ। ਹਰ ਕੋਈ 'ਘਰ=ਘਰ ਬਿਜਲੀ ਦੀਆਂ ਮਧਾਣੀਆਂ ਚੱਲਣਗੀਆਂ' ਦਾ ਸੁਪਨਾ ਲੈ ਰਿਹਾ ਸੀ। ਇਹਦੇ ਨਾਲ ਹੀ ਅਸੀਂ ਗੁਣਗੁਣਾ ਰਹੇ ਸਾਂ:

*ਰਾਤ ਕੇ ਰਾਹੀ ਥਕ ਮਤ ਜਾਨਾ*
*ਸੁਬਹ ਕੀ ਮੰਜ਼ਿਲ ਦੂਰ ਨਹੀਂ...*

ਉਹ ਮੰਜ਼ਿਲ ਦੂਰ ਹੈ, ਇਹ ਇਲਮ ਨਹੀਂ ਸੀ। ਉਸ ਸਮੇਂ 15 ਅਗਸਤ ਹੀ ਜਸ਼ਨਾਂ ਦਾ ਦਿਨ ਸੀ। ਫਿਰ 26 ਜਨਵਰੀ ਦਾ ਦਿਨ ਵੀ ਉਤਸ਼ਾਹ ਦਾ ਸੋਮਾ ਸੀ। ਸ਼ਹੀਦ ਭਗਤ ਸਿੰਘ ਦਾ 23 ਮਾਰਚ ਤਾਂ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ। ਉਸ ਨੂੰ ਸੱਤਾ ਦੀ ਸਿਆਸਤ ਨੇ ਤਾਂ ਕੀ ਅਪਣਾਉਣਾ ਸੀ, ਉਸ ਸਮੇਂ ਤੱਕ ਕਮਿਊਨਿਸਟਾਂ ਨੇ ਵੀ ਲੱਗਭਗ ਵਿਸਾਰ ਛੱਡਿਆ ਸੀ। ਮੈਂ ਐਲਾਨੀਆ ਕਮਿਊਨਿਸਟ ਸਾਂ, 'ਇਪਟਾ' ਦੀ ਦਰਿਆ ਗੰਜ ਦੀ ਚਾਰ-ਦਿਨਾ ਕੌਮੀ ਕਾਨਫਰੰਸ ਵਿਚ ਸ਼ਿਰਕਤ ਕਰ ਆਇਆ ਸਾਂ। ਸਰਕਾਰੀ ਨੌਕਰੀ ਦੀ ਆਪਣੀ ਜ਼ਿੰਮੇਵਾਰੀ ਸੀ। ਉਹ ਪੂਰੀ ਤਨਦੇਹੀ ਨਾਲ ਨਿਭਾ ਰਹੇ ਸਾਂ। ਕਿਰਤ ਕਲਚਰ ਦਾ ਬੇੜਾ ਤਾਂ ਬਹੁਤ ਬਾਅਦ ਵਿਚ ਗ਼ਰਕ ਹੁੰਦਾ ਹੈ। ਮੈਂ ਤਾਂ ਇਹ 1952-53 ਦੀਆਂ ਗੱਲਾਂ ਕਰ ਰਿਹਾ ਹਾਂ। ਜਦੋਂ ਬੀ.ਟੀ. ਰੰਧੀਵੇ ਦਾ ਦੌਰ ਗੁਜ਼ਰ ਗਿਆ ਤਾਂ ਕਮਿਊਨਿਸਟ ਪਾਰਟੀ ਦੀ ਭਾਰੂ ਲੀਡਰਸ਼ਿਪ ਦਾ ਜਵਾਹਰ ਲਾਲ ਨਹਿਰੂ ਨਾਲ ਤਾਂ ਜਿਵੇਂ ਰੌਲਾ ਹੀ ਮੁੱਕ ਗਿਆ ਸੀ। ਉਹ ਜਿਸ ਤੋਂ ਚਿੜ੍ਹਦੇ ਸਨ, ਉਹ ਸਰਦਾਰ ਵੱਲਭ ਭਾਈ ਪਟੇਲ ਸੀ। ਜਦੋਂ ਸੱਤਾ ਨਾਲ ਟਕਰਾਅ ਦਾ ਅੰਤ ਹੋ ਗਿਆ ਤਾਂ 'ਇਪਟਾ' ਦਾ ਮੰਚ 'ਜ਼ੋਰੀਂ ਮੰਗੈ ਦਾਨ ਵੇ ਲਾਲੋ' ਦੀ ਥਾਂ ਇਸਤਰੀ ਸਾਖ਼ਰਤਾ 'ਤੇ ਕੇਂਦਰਤ ਹੋ ਰਿਹਾ ਸੀ। ਉਸ ਸਮੇਂ ਦੇ ਗੀਤ ਸਨ:

*ਬਾਪੂ ਧੀ ਨੂੰ ਪੜ੍ਹਾ ਛੱਡਦਾ*
*ਚਿੱਠੀ ਪੜ੍ਹਨੇ ਦਾ ਰੇੜਕਾ ਮੁਕਾ ਛੱਡਦਾ...*
*ਸਾਰਾ ਪਿੰਡ ਘੁੰਮ ਛੱਡਿਆ*
*ਖ਼ਤ ਕਿਸੇ ਤੋਂ ਗਿਆ ਨਾ ਪੜ੍ਹਿਆ...*

ਇਹ ਗੀਤ ਆਪਣੇ ਆਪ ਵਿਚ ਗਲਤ ਨਹੀਂ ਸਨ। ਮੈਂ ਇਪਟਾ ਦੀ ਸਟੇਜ 'ਤੇ ਵਾਪਰੀ ਤਬਦੀਲੀ ਨੂੰ ਸਮਝਣ ਦੀ ਗੱਲ ਕਰ ਰਿਹਾ ਹਾਂ। ਜਿੱਥੋਂ ਤੱਕ ਇਸਤਰੀ ਦੀ ਸਾਖ਼ਰਤਾ ਦਾ ਸਬੰਧ ਹੈ, ਕੋਈ ਵੀ ਪ੍ਰਗਤੀਸ਼ੀਲ ਬੰਦਾ ਇਸ ਦੀ ਲੋੜ ਸਦਾ ਮਹਿਸੂਸ ਕਰੇਗਾ, ਜਦੋਂ ਤੱਕ ਹਰ ਔਰਤ ਪੜ੍ਹ-ਲਿਖ ਨਹੀਂ ਜਾਂਦੀ। ਮੈਂ ਹਮੇਸ਼ਾਂ ਇਸਤਰੀ ਦੀ ਚੇਤਨਾ ਦਾ ਪੱਧਰ ਉੱਚਾ ਚੁੱਕਣ ਲਈ ਨਾਟਕ ਕੀਤਾ ਹੈ, ਪਰ ਉਸ ਦੇ ਨਾਲ ਸਮਾਜਿਕ ਤਬਦੀਲੀ

ਦਾ ਸੰਦੇਸ਼ ਸਿੱਧੇ ਤੌਰ 'ਤੇ ਜੋੜਦਾ ਹਾਂ, ਜਿਸ ਨੂੰ ਕੁਝ ਲੋਕ ਨਾਅਰਾ ਆਖਦੇ ਹਨ। ਇਹਦੇ ਨਾਲ ਹੀ ਕਦੇ-ਕਦਾਈਂ, ਕਿਸੇ ਖ਼ਾਸ ਅਵਸਰ 'ਤੇ, ਬਲਵੰਤ ਗਾਰਗੀ ਦਾ ਪੂਰਾ ਨਾਟਕ 'ਕੇਸਰੋ' ਵੀ ਖੇਡਦਾ ਰਿਹਾ ਹਾਂ। ਇਹ ਮੇਰੇ ਰੋਜ਼ਮਰ੍ਹਾ ਦੇ ਪ੍ਰੋਗਰਾਮਾਂ ਵਿਚ ਕਦੇ ਸ਼ਾਮਲ ਨਹੀਂ ਹੋ ਸਕਿਆ।

ਅਸੀਂ ਗੱਲ 1951 ਦੀ ਕਰ ਰਹੇ ਸਾਂ, ਜਦੋਂ ਨੰਗਲ ਵਿਚ ਸੁਤੰਤਰਤਾ ਦਿਵਸ 'ਤੇ ਸੱਭਿਆਚਾਰਕ ਪ੍ਰੋਗਰਾਮ ਹੋਇਆ ਕਰਦੇ ਸਨ। ਮੇਰਾ ਯੋਗਦਾਨ ਪ੍ਰਬੰਧਕੀ ਪੱਧਰ 'ਤੇ ਹੀ ਸੀ, ਜਿਵੇਂ ਹਰ ਅਦਾਰੇ ਵਿਚ ਰੁਚੀ ਮੁਤਾਬਿਕ ਕੰਮ-ਵੰਡ ਹੋ ਜਾਂਦੀ ਹੈ। ਇਸ ਵਿਚਲਾ ਤਲਖ਼ ਤਜਰਬਾ ਹੀ ਮੇਰੀ ਸੁਤੰਤਰ ਸਰਗਰਮੀ ਦਾ ਆਧਾਰ ਬਣਦਾ ਹੈ।

## *ਸੱਭਿਆਚਾਰਕ ਫਰੰਟ 'ਤੇ ਪਹਿਲਾ ਕਦਮ*

ਜਦੋਂ ਭਾਖੜਾ ਪ੍ਰਾਜੈਕਟ 'ਤੇ 15 ਅਗਸਤ ਜਾਂ 26 ਜਨਵਰੀ ਦਾ ਸੱਭਿਆਚਾਰਕ ਪ੍ਰੋਗਰਾਮ ਉਲੀਕਿਆ ਜਾਂਦਾ ਸੀ ਤਾਂ ਅਕਸਰ ਮੇਰੇ ਜ਼ਿੰਮੇ ਕਲਾਕਾਰ ਸੱਦਣ ਦਾ ਕੰਮ ਲੱਗਦਾ ਸੀ। ਇਸੇ ਤਰ੍ਹਾਂ ਦਾ ਪ੍ਰੋਗਰਾਮ ਸੀ, ਜਿੱਥੇ ਸੁਰਿੰਦਰ ਕੌਰ ਤੇ ਲਾਲ ਚੰਦ ਯਮਲਾ ਜੱਟ ਬੁਲਾਏ ਗਏ। ਯਮਲਾ ਜੱਟ ਦਾ ਰੈਣ ਬਸੇਰਾ ਵੀ ਮੇਰਾ ਨਿੱਕਾ ਜਿੰਨਾ ਘਰ ਸੀ। ਇਨ੍ਹਾਂ ਦੇ ਗੀਤ-ਸੰਗੀਤ ਦੇ ਨਾਲ ਹੋਰ ਆਈਟਮਾਂ ਵੀ ਤਿਆਰ ਹੋ ਰਹੀਆਂ ਸਨ। ਇਸ ਸਾਰੇ ਸੱਭਿਆਚਾਰਕ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਆਲ ਇੰਡੀਆ ਰੇਡੀਓ ਜਲੰਧਰ ਦੇ ਡਾਇਰੈਕਟਰ ਸਨ। ਜਦੋਂ ਤਿਆਰੀ ਮੁਕੰਮਲ ਹੋ ਗਈ ਤਾਂ ਆਫੀਸਰਜ਼ ਕਲੱਬ ਵਿਚ ਪ੍ਰੋਗਰਾਮ ਤੋਂ ਪਹਿਲਾਂ ਮੇਰਾ ਮਸ਼ਵਰਾ ਸੀ, "ਆਫੀਸਰਜ਼ ਕਲੱਬ ਵਿਚ ਵਰਕਰ ਆ ਨਹੀਂ ਸਕਣਗੇ, ਕਿਉਂ ਨਾ ਅਸੀਂ ਉਨ੍ਹਾਂ ਨੂੰ ਗਰੈਂਡ ਰਿਹਰਸਲ ਵਿਚ ਬੁਲਾ ਲਈਏ...?"

"ਇਹ ਕਲਚਰਲ ਪ੍ਰੋਗਰਾਮ ਐ ਗੁਰਸ਼ਰਨ ਸਿੰਘ...! ਇਨ੍ਹਾਂ ਵਰਕਰਾਂ ਨੂੰ ਕੀ ਪਤਾ ਕਲਾ ਕੀ ਹੁੰਦੀ ਹੈ...?"

ਇਹ ਸਵਾਲ ਨਹੀਂ ਸੀ, ਜਵਾਬ ਸੀ, 'ਅਸੀਂ ਤਾਂ ਕਲਾ 'ਤੇ ਵੀ ਅਜ਼ਾਰੇਦਾਰੀ ਕਰਾਂਗੇ।' ਇਸ ਸੰਖੇਪ ਜਿਹੀ ਗੱਲਬਾਤ ਨੇ ਮੇਰੇ ਮਨ ਅੰਦਰ ਰੋਹ ਪੈਦਾ ਕਰ ਦਿੱਤਾ। ਸਾਡੇ ਕਲਾਕਾਰ, 'ਇਪਟਾ' ਦੀ ਸਟੇਜ ਪ੍ਰਵਾਨ ਚੜ੍ਹੇ ਕਲਾਕਾਰ, ਹੁਣ ਵੱਡੇ ਲੋਕਾਂ ਦੀ ਕਲਾ ਉੱਤੇ ਕੀਤੀ ਜਾ ਰਹੀ ਅਜ਼ਾਰੇਦਾਰੀ ਦੇ ਲੇਖੇ ਲੱਗਣਗੇ...? ਇਹ ਹਜ਼ਾਰਾਂ ਲੋਕਾਂ ਦੇ ਹਜੂਮ ਸਾਹਮਣੇ ਹੋਣ ਤਾਂ ਕਲਾ ਲੋਕਾਂ ਦੀ, ਉਨ੍ਹਾਂ ਦੇ ਸਮਝ ਆਉਣ ਵਾਲੀ ਹੈ ਤੇ ਚੰਦ ਅਫਸਰ ਆ ਜਾਣ, ਪ੍ਰਬੰਧਕ ਹੋਣ ਤਾਂ 'ਇਨ੍ਹਾਂ ਵਰਕਰਾਂ ਨੂੰ ਕੀ ਪਤਾ ਕਿ ਕਲਾ ਕੀ ਹੁੰਦੀ ਏ...?" ਫਿਰ ਕੀ ਸੀ? ਮੈਂ ਕਲਾਕਾਰਾਂ ਨਾਲ ਗੱਲ ਕੀਤੀ ਕਿ ਮਿਥੇ ਪ੍ਰੋਗਰਾਮ ਤੋਂ ਅਗਲੇ ਦਿਨ ਵਰਕਰਜ਼ ਕਲੱਬ ਵਿਚ ਪ੍ਰੋਗਰਾਮ ਹੋਵੇਗਾ ਤੇ ਬਸ ਹੋਵੇਗਾ। ਇਹ ਹੋਣ ਬਾਅਦ ਕਲਾਕਾਰ ਆਖ ਰਹੇ ਸਨ, "ਅਸਲ ਮਜ਼ਾ ਤਾਂ ਅੱਜ ਆਇਆ ਏ...ਲੋਕਾਂ ਦੇ ਸਰਗਰਮ ਹੁੰਗਾਰੇ ਬਿਨਾਂ ਕਲਾਕਾਰ ਨੂੰ ਮਜ਼ਾ ਕਿਵੇਂ ਆ ਸਕਦਾ ਹੈ...?"

ਹੁਣ ਹਰ ਵਾਰ ਪ੍ਰਬੰਧਕੀ ਪ੍ਰੋਗਰਾਮ ਵਰਕਰਾਂ ਲਈ ਹੋਣਾ ਤਾਂ ਸੰਭਵ ਨਹੀਂ ਸੀ। ਇਹ ਤਾਂ ਆਪ ਕਰਨਾ ਸੀ ਤੇ ਪ੍ਰਬੰਧਕ ਵੀ ਆਪ ਹੀ ਹੋਣਾ ਸੀ। ਇਸ ਤਰ੍ਹਾਂ ਪਹਿਲੀ ਵਾਰ ਵਰਕਰਜ਼ ਕਲੱਬ ਵਿਚ ਸ. ਕਰਤਾਰ ਸਿੰਘ ਦੁੱਗਲ ਦਾ ਨਾਟਕ 'ਦੀਵਾ ਬੁਝ ਗਿਆ' ਦੀ

ਤਿਆਰੀ ਸ਼ੁਰੂ ਹੋਈ। ਇਸ ਸਮੇਂ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨਵ-ਆਜ਼ਾਦ ਭਾਰਤ ਦੇ ਹਰਮਨ ਪਿਆਰੇ ਨੇਤਾ ਸਨ ਤੇ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਸਨ। ਉਸ ਨੇ ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ ਰਾਸ਼ਟਰੀਯ ਸਵੈਮ ਸੇਵਕ ਸੰਘ 'ਤੇ ਪਾਬੰਦੀ ਲਗਾਈ ਸੀ ਤੇ ਫਿਰ ਉਠਾ ਵੀ ਲਈ ਸੀ। ਇਸ ਲਈ ਹਿੰਦੂਤਵਵਾਦੀ ਲੋਕ ਉਸ ਨੂੰ ਪਸੰਦ ਕਰਦੇ ਸਨ।

ਮੈਂ ਅਜੋਕੇ ਭਾਰਤ ਵਿਚ ਸਾਮਰਾਜੀ ਵਿਸ਼ਵੀਕਰਨ 'ਤੇ ਟਿਕੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਵਿਦੇਸ਼ ਨੀਤੀ ਤੇ ਕੌਮਾਂਤਰੀ ਹਰਮਨ-ਪਿਆਰਤਾ ਵੇਖਦਾ ਹਾਂ ਤਾਂ ਕਸ਼ਮੀਰ ਦੇ ਹਾਲਾਤ ਦੀ ਨਕਸਲੀ ਅੰਦੋਲਨ ਵਰਗੀ ਸਥਿਤੀ ਦਾ ਅਹਿਸਾਸ ਹੁੰਦਾ ਹੈ। ਉਸ ਸਮੇਂ ਹਿੰਦੂਤਵਵਾਦੀ ਕਾਂਗਰਸੀ ਸਰਕਾਰ ਦੇ ਗ੍ਰਹਿ ਮੰਤਰੀ ਨਾਲ ਹਮਦਰਦੀ ਰੱਖਦੇ ਸਨ, ਅੱਜ ਉਹ ਨਕਸਲਵਾਦ ਨਾਲ ਨਜਿੱਠਣ ਦੇ ਨਾਂ ਹੇਠ ਆਦਿਵਾਸੀ ਖੇਤਰ ਵਿਚ ਬਹੁ-ਕੌਮੀ ਕਾਰਪੋਰੇਸ਼ਨਾਂ ਨੂੰ ਖਣਿਜ ਖ਼ਜ਼ਾਨਾ ਲੁਟਾਉਣ ਵਾਲੇ ਗ੍ਰਹਿ ਮੰਤਰੀ ਪੀ. ਚਿੰਦਬਰਮ ਦੀ ਖੁੱਲ੍ਹ ਕੇ ਹਮਾਇਤ ਕਰ ਰਹੇ ਹਨ। ਇਹ ਸਭ ਕੁਝ 'ਅਪਰੇਸ਼ਨ ਗਰੀਨ ਹੰਟ' ਦੇ ਨਾਂ ਹੇਠ ਵਾਪਰ ਰਿਹਾ ਹੈ। ਸਰਕਾਰ ਵੱਲੋਂ ਤਾਇਨਾਤ ਅਰਧ-ਸੈਨਿਕ ਬਲਾਂ ਦਾ ਜ਼ੁਲਮ ਤਾਂ ਹੋਣਾ ਹੀ ਹੈ, ਇਹ ਹਰ ਖੇਤਰ ਵਿਚ ਹੋਇਆ ਹੈ, ਜਿੱਥੇ ਵੀ ਅੰਦੋਲਨ ਸਾਹਮਣੇ ਆਏ ਹਨ, ਪਰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਛਤੀਸਗੜ੍ਹ ਸਰਕਾਰ ਨੇ 'ਸਲਵਾ ਜੁਡਮ' ਨਾਂ ਦੀ ਮੁਹਿੰਮ ਤਹਿਤ ਤਨਖ਼ਾਹਦਾਰ ਆਦਿਵਾਸੀ, ਨਕਸਲੀਆਂ ਖ਼ਿਲਾਫ਼ ਖੜ੍ਹੇ ਕਰਕੇ ਸਿਵਲ ਵਾਰ ਦੇ ਹਾਲਾਤ ਪੈਦਾ ਕਰ ਦਿੱਤੇ ਹਨ। ਮੈਂ ਇਹਦੇ ਵਿਰੁੱਧ ਪੰਜਾਬ ਭਰ ਅੰਦਰ ਚੱਲਦੇ ਅੰਦੋਲਨ ਦੇ ਨਾਲ ਖੜ੍ਹਾ ਹਾਂ। ਜਿਸ ਤਰ੍ਹਾਂ ਦੇ ਹਾਲਾਤ ਚੱਲ ਰਹੇ ਹਨ, ਕਦੇ ਵੀ ਪੁਲਿਸ ਮੇਰੇ ਤੱਕ ਆ ਸਕਦੀ ਹੈ। ਉਹ ਗ੍ਰਿਫ਼ਤਾਰ ਨਾ ਵੀ ਕਰੇ, ਪੁੱਛ-ਪੜਤਾਲ ਤਾਂ ਕਰ ਸਕਦੀ ਹੈ। ਮੈਂ ਜਿਸਮਾਨੀ ਪੱਧਰ 'ਤੇ ਸੰਘਰਸ਼ ਦਾ ਸਾਥੀ ਨਹੀਂ ਹਾਂ। ਜੇ ਮੇਰੇ ਤਨ-ਬਦਨ ਵਿਚ ਪਹਿਲਾਂ ਵਰਗੀ ਤਾਕਤ ਹੁੰਦੀ ਜਾਂ ਘੱਟੋ-ਘੱਟ ਖੁਦ ਤੁਰਨ-ਫਿਰਨ ਲਾਇਕ ਬੁਢਾਪਾ ਵੀ ਹੁੰਦਾ, ਤਾਂ ਮੈਂ ਘਰ ਬੈਠ ਕੇ ਹਮਾਇਤ ਨਾ ਕਰਦਾ। ਮੈਂ ਕਮਜ਼ੋਰ ਤਨ ਲੈ ਕੇ ਵੀ ਲੜ ਰਹੇ ਲੋਕਾਂ ਦਾ ਝੰਡਾ ਉਠਾ ਲੈਂਦਾ। ਮੇਰੇ ਮਨ ਵਿਚ ਕੋਈ ਦੁਬਿਧਾ ਨਹੀਂ, ਕੋਈ ਡਰ ਨਹੀਂ। ਜੇ ਪੁਲਿਸ ਪੁੱਛ-ਪੜਤਾਲ ਲਈ ਆਏਗੀ, ਮੈਂ ਸਾਫ਼ ਆਖਾਂਗਾ, "ਮੈਂ ਨਕਸਲਬਾੜੀ ਕਮਿਊਨਿਸਟ ਹਾਂ, ਹਾਲਾਂਕਿ ਕਦੇ ਵੀ ਹਥਿਆਰ ਹੱਥ ਵਿਚ ਫੜ ਕੇ ਨਹੀਂ ਵੇਖਿਆ। ਹਾਂ, ਇਸ ਤਰ੍ਹਾਂ ਦੇ ਝੂਠੇ ਮੁਕੱਦਮੇ ਭੁਗਤ ਚੁੱਕਾ ਹਾਂ।"

ਮੈਂ ਹਥਿਆਰਬੰਦ ਕਮਿਊਨਿਸਟ ਕਦੇ ਨਹੀਂ ਰਿਹਾ, ਤਾਂ ਵੀ ਸਹੀ ਵੇਲੇ ਹਥਿਆਰਾਂ ਦੀ ਵਰਤੋਂ ਦਾ ਸਦਾ ਕਾਇਲ ਰਿਹਾ ਹਾਂ ਅਤੇ ਸਹੀ ਸਮੇਂ ਚੋਣਾਂ ਵਿਚ ਸ਼ਿਰਕਤ ਵੀ ਇਨਕਲਾਬੀ ਲਈ ਮਿਹਣਾ ਨਹੀਂ ਹੈ। ਜੇ ਕੋਈ ਇਨਕਲਾਬੀ ਹਰ ਹਾਲਾਤ ਚੋਣ-ਪ੍ਰਕਿਰਿਆ ਤੋਂ ਸਦਾ ਲਈ ਬਾਹਰ ਰਹਿਣ ਦੀ ਸ਼ਰਤ ਤੈਅ ਕਰਦਾ ਹੈ, ਤਾਂ ਮੈਂ ਉਸ ਨਾਲ ਸਹਿਮਤ ਨਹੀਂ ਹਾਂ। ਨੇਪਾਲ ਦੇ ਕਮਿਊਨਿਸਟ ਹਥਿਆਰਬੰਦ ਹੋ ਕੇ ਲੜਦੇ ਹਨ ਤੇ ਜਦੋਂ ਗ਼ੈਰ-ਕਮਿਊਨਿਸਟ ਵੀ ਰਾਜਾਸ਼ਾਹੀ ਦਾ ਖ਼ਾਤਮਾ ਲਾਜ਼ਮੀ ਮੰਨ ਲੈਂਦੇ ਹਨ, ਉਹ ਆਪਣੀਆਂ ਸ਼ਰਤਾਂ 'ਤੇ ਚੋਣਾਂ ਵੀ ਲੜਦੇ ਹਨ। ਸਰਕਾਰ ਦੀ ਅਗਵਾਈ ਤੱਕ ਕਰਦੇ ਹਨ। ਤੇ ਜਦੋਂ ਲੱਗਦਾ ਹੈ, ਸੰਵਿਧਾਨ ਸਭਾ ਪੂੰਜੀਵਾਦੀ ਪਾਰਟੀਆਂ ਦੇ ਦਬਾਅ ਕਾਰਨ ਸਾਡਾ ਏਜੰਡਾ ਨਹੀਂ ਮੰਨ ਰਹੀ ਤਾਂ ਉਹ

ਅਗਵਾਈ ਉਨ੍ਹਾਂ ਦੇ ਹੱਥ ਦੇ ਕੇ ਦਬਾਅ ਬਣਾਈ ਰੱਖਣ ਦੀ ਰਣਨੀਤੀ ਅਖ਼ਤਿਆਰ ਕਰ ਲੈਂਦੇ ਹਨ। ਮੈਂ ਮਾਰਕਸਵਾਦ ਦਾ ਉਸਤਾਦ ਨਹੀਂ ਹਾਂ, ਸਗੋਂ ਉਸਤਾਦਾਂ ਦੇ ਸਟੱਡੀ ਸਰਕਲਾਂ 'ਚ ਸ਼ਿਰਕਤ ਕਰਕੇ ਤੇ ਆਪਣੇ ਅਧਿਐਨ ਤੋਂ ਇਹ ਸਿੱਖ ਸਕਿਆ ਹਾਂ ਕਿ ਕਿਸ ਸਮੇਂ ਸਿਆਸੀ-ਸਮਾਜੀ ਹਲਚਲ ਵਿਚ ਕੀ ਕਰਨਾ ਹੈ- ਇਹਦਾ ਅਮਲੀ ਪ੍ਰਗਟਾਵਾ ਹੀ ਮਾਰਕਸਵਾਦ ਹੈ। ਇਸ ਤੋਂ ਬਿਨਾਂ ਲਗਾਇਆ ਘੋਟਾ ਫੋਕੀ ਵਿਦਵਤਾ ਹੈ। ਮੇਰੇ ਸਾਹਮਣੇ ਹਥਿਆਰਬੰਦ ਕਮਿਊਨਿਸਟ ਬਣਨ ਜਾਂ ਨਾ ਬਣਨ ਦੀ ਦੁਬਿਧਾ ਕਦੇ ਆਈ ਹੀ ਨਹੀਂ ਅਤੇ ਗਲਾਸੀ ਕਲਚਰ ਤੋਂ ਸਦਾ ਦੂਰ ਰਿਹਾ ਹਾਂ। ਇਸ ਦੇ ਸੰਸਕਾਰਗਤ ਕਾਰਨ ਵੀ ਹੋਣਗੇ, ਪਰ ਮੈਂ ਇਸ ਪੱਖੋਂ ਸੁਚੇਤ ਰਿਹਾ ਹਾਂ ਕਿ ਜੇ ਅਸਾਂ ਸੱਭਿਆਚਾਰਕ ਲਹਿਰ ਦਾ ਸਤਿਕਾਰ ਕਾਇਮ ਰੱਖਣਾ ਹੈ, ਤਾਂ ਗਲਾਸੀ ਕਲਚਰ ਨੂੰ ਦੂਰ ਤੋਂ ਸਲਾਮ ਬੁਲਾ ਦੇਣੀ ਚਾਹੀਦੀ ਹੈ। ਜਿਸ ਸਮਾਜ ਵਿਚ ਰੰਗਮੰਚ ਲਈ ਇਸਤਰੀ ਕਲਾਕਾਰਾਂ ਦੀ ਸਦਾ-ਬਹਾਰ ਕਮੀ ਹੋਵੇ, ਉਸ ਸਮਾਜ ਦੇ ਸੱਭਿਆਚਾਰਕ ਅੰਦੋਲਨ ਦਾ ਕਾਮਾ ਗਲਾਸੀ ਕਲਚਰ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ।

ਮੈਂ ਜਦੋਂ ਪਹਿਲੀ ਵਾਰ ਸ. ਕਰਤਾਰ ਸਿੰਘ ਦੁੱਗਲ ਦਾ ਨਾਟਕ 'ਦੀਵਾ ਬੁਝ ਗਿਆ' ਕਰ ਰਿਹਾ ਸਾਂ, ਤਾਂ ਮੈਨੂੰ ਉਸ ਨਾਟਕ ਵਿਚਲੇ ਇਸਤਰੀ ਪਾਤਰ ਨੂੰ ਬਜ਼ੁਰਗ ਵਿਚ ਢਾਲਣਾ ਪਿਆ ਸੀ। ਇਸ ਤਰ੍ਹਾਂ ਮੇਰਾ ਰੰਗਮੰਚ ਪਹਿਲੇ ਕਦਮ 'ਤੇ ਹੀ ਟੀਮ ਦੀ ਲੋੜ ਦੇ ਮੱਦੇਨਜ਼ਰ ਤਬਦੀਲੀ ਦਾ ਰੰਗਮੰਚ ਹੈ। ਇਹ ਨਾਟਕ ਕਸ਼ਮੀਰ ਦੀ ਸਮੱਸਿਆ ਉਤੇ ਸੀ। ਇਸ ਦੀ ਪਿੱਠਭੂਮੀ ਕਸ਼ਮੀਰ 'ਤੇ ਕਬਜ਼ੇ ਲਈ ਕਬਾਇਲੀਆਂ 'ਤੇ ਪਾਕਿਸਤਾਨੀ ਫੌਜ ਦਾ ਹਮਲਾ ਸੀ, ਜਦੋਂ ਕਸ਼ਮੀਰਨਾਂ ਉੱਤੇ ਕਬਾਇਲੀਆਂ ਹਰ ਹੱਦ ਤੱਕ ਜਾ ਕੇ ਜ਼ੁਲਮ ਕੀਤੇ ਸਨ। ਇਸ ਨਾਟਕ ਦਾ ਸ਼ੋਅ, ਜੋ ਅਸਾਂ ਵਰਕਰਜ਼ ਕਲੱਬ ਵਿਚ ਕੀਤਾ ਸੀ, ਦੇ ਅੰਤ 'ਤੇ ਬਜ਼ੁਰਗ ਆਖਦਾ ਹੈ, "ਮੇਰੇ ਘਰ ਦਾ ਚਿਰਾਗ਼ ਬੁਝ ਗਿਆ ਹੈ, ਜਿਹਦੇ 'ਚੋ ਤੇਲ ਮੁੱਕ ਗਿਆ ਸੀ। ਉਹ ਦੀਵਾ ਬੁਝ ਗਿਆ ਹੈ, ਉਹ ਦੀਵਾ ਬੁਝ ਗਿਆ ਹੈ...."

ਨਾਟਕ ਦੀ ਰਾਤ ਤੋਂ ਅਗਲੇ ਦਿਨ ਤੇ ਫਿਰ ਕਈ ਦਿਨ ਮੈਂ ਜਿਸ ਪਾਸੇ ਵੀ ਜਾਂਦਾ ਸਾਂ, ਬੱਚੇ ਜ਼ਾਹਰਾ ਤੌਰ 'ਤੇ ਜਾਂ ਅੱਖ ਬਚਾ ਕੇ ਮੇਰੀ ਸਾਂਗ ਲਗਾਉਂਦੇ ਸਨ, "ਦੀਵਾ ਬੁਝ ਗਿਆ ਹੈ...ਦੀਵਾ ਬੁਝ ਗਿਆ ਹੈ...।" ਇਸ ਨਾਟਕ ਨੇ ਮੇਰੇ ਮਨ ਅੰਦਰ ਅਦਾਕਾਰ ਹੋਣ ਦਾ ਪੱਕਾ ਭਰੋਸਾ ਜਗਾ ਦਿੱਤਾ ਸੀ। ਇਹ ਰੰਗਮੰਚ ਦਾ ਨਹੀਂ, ਮੇਰੇ ਭਰੋਸੇ ਦਾ ਸਫ਼ਰ ਹੈ, ਜਿਸ ਲਈ ਨੰਗਲ ਦੇ ਵਰਕਰਜ਼ ਕਲੱਬ ਦੀ ਸਟੇਜ ਸਦਾ ਲਈ ਮੇਰੇ ਹਿਰਦੇ 'ਚ ਵੱਸਦੀ ਹੈ। ਮੇਰੇ ਨਾਂ ਨਾਲ ਥੜ੍ਹਾ ਥੀਏਟਰ ਜੁੜ ਗਿਆ ਹੈ, ਜਿਸ ਦਾ ਆਰੰਭ, ਜਿਵੇਂ ਹਿੰਦੀ ਵਾਲੇ ਆਖਦੇ ਹਨ, ਇਸ ਰੰਗਭੂਮੀ ਤੋਂ ਹੋਇਆ ਹੈ। ਮੈਂ ਇਸ ਰੰਗਭੂਮੀ ਨੂੰ ਕੋਟਿ ਕੋਟਿ ਸਲਾਮ ਕਰਦਾ ਹਾਂ। ਇਹ ਇੱਛਾ ਵੀ ਹੈ, ਇਹ ਆਬਾਦ ਰਹੇ, ਮੇਰੇ ਨਾਂ ਲਈ ਨਹੀਂ, ਉਸ ਥੜ੍ਹਾ ਥੀਏਟਰ ਲਈ, ਜੋ ਇਥੋਂ ਤੁਰ ਕੇ ਦੇਸ਼-ਵਿਦੇਸ਼, ਮੈਂ ਜਿਥੋਂ ਤੱਕ ਜਾ ਸਕਿਆ ਹਾਂ, ਉਥੋਂ ਤੱਕ ਫੈਲ ਗਿਆ ਹੈ। ਇਹ ਮੇਰੇ ਹੀ ਨਹੀਂ, ਪੰਜਾਬੀ ਰੰਗਮੰਚ ਦੇ ਇਤਿਹਾਸ ਵਿਚ ਸ਼ਾਮਲ ਹੋਈ ਨਵੀਂ ਨਾਟ-ਸ਼ੈਲੀ ਦਾ ਜਨਮ ਅਸਥਾਨ ਹੈ।